ਵੇਦੰਤਾ ਭਾਰਤੀ ਪ੍ਰਕਾਸ਼ਨ 64ਵਾਂ ਪ੍ਰਕਾਸ਼ਨ

ਵਿਵੇਕਦੀਪਿਨੀ

Vivekadeepinee

ਸ਼੍ਰੀ ਆਦਿ ਸ਼ੰਕਰਾਚਾਰਿਆ ਵਿੱਚੋਂ ਚੁਣਾਉ
ਪ੍ਰਸ਼ਨ-ਉੱਤਰ ਰਤਨ ਮਾਲਾ

ਵੇਦੰਤਾ ਭਾਰਤੀ

[illegible] ਰੋਡ ਕ੍ਰਿਸ਼ਨਾ ਰਾਜ ਨਗਰ

ਜ਼ਿਲ੍ਹਾ [illegible]-571602

ਵੇਦੰਤਾ ਭਾਰਤੀ ਪ੍ਰਕਾਸ਼ਨ 64ਵਾਂ ਪ੍ਰਕਾਸ਼ਨ

ਵਿਵੇਕਦੀਪਿਨੀ

ਸ਼੍ਰੀ ਆਦਿ ਸ਼ੰਕਰਾਚਾਰਿਆ ਵਿੱਚੋਂ ਚੁਣਾਉ

ਪ੍ਰਸ਼ਨ-ਉੱਤਰ ਰਤਨ ਮਾਲਾ

ਅੰਗਰੇਜੀ ਲੇਖਕ: ਸ਼੍ਰੀ ਸ. ਸ. ਨਾਗਾਨੰਦ

ਅਨੁਵਾਦਕ: ਡਾ. ਕੇ.ਡੀ. ਸ਼ਰਮਾ

ਵੇਦੰਤਾ ਭਾਰਤੀ

(ਤੁਮਕੁਰ ਯੂਨੀਵਰਸਿਟੀ ਦੇ ਖੋਜ ਸੈਂਟਰ ਤੋਂ ਮਾਨਤਾ ਪ੍ਰਾਪਤ)

ਚੰਦਰਾ ਮੌਲੀ ਰੋਡ ਕ੍ਰਿਸ਼ਨਾ ਰਾਜ ਨਗਰ

ਜ਼ਿਲ੍ਹਾ ਮਾਸੂਰ-571602

VivekaDeepinee

A selection from Sri Adi Shankaracharya's
Prashnottara Ratnamaalika

Language : Panjabi

FIRST PRINT : 2019

COPIES : 1000

ISBN : 978-93-85014-71-0

PAGES : 88

PRICE : Rs. 50.00

Coverpage Design : Dr. Smt Anushika Babu

PUBLISHED BY :
Vedanta Bharati
(Recognized as Research Centre by Tumkur University)
Chandramouli Road, Krishnarajanagara - 571 602,
Mysuru District. PH : 08223-264371, 262471
vedantabharati@yahoo.com
naganand.ss@gmail. com

PRINTED AT :
Span Print
Banashankari, Bengaluru

श्री श्री जगदगुरु शङ्कराचार्य महासंस्थानम् , दक्षिणाम्नाय श्री शारदापीठम् , श्रृङ्गेरी
Sri Sri Jagadguru Shankaracharya Mahasamstanam
Dakshinamnaya Sri Sharada Peetham, Sringeri - 577 139, Karnataka. INDIA.

V.R. Gowri Shankar BE, DIISc, MIMA.,
CEO & Adminstrator
Sri Sringeri Math and its Properties

Phone Off: 08265-250123 Resi: 08265 - 250192 Fax : 08265-250792
Website : : www.sringerisharadapeetham.org (or) www.sringeri.net
E-mail : info@sringerisharadapeetham.org

Date: 13 June 2018

ਤੁਹਾਡੇ ਵੱਲੋਂ ਅੰਗਰੇਜੀ ਵਿੱਚ ਲਿਖੀ ਕਿਤਾਬ, ਵਿਵੇਕ ਦੀਪਿਨੀ ਬਾਰੇ ਪਰਮ ਪੂਜਯ ਸ਼੍ਰੀ ਸ਼੍ਰੀ ਸ਼ੰਕਰਾਭਾਰਤੀ ਸਵਾਮੀ ਜੀ, ਹੇਠ ਲਿਖਿਆ ਸੰਦੇਸ਼ ਭੇਜਦੇ ਹਨ।

ਮਨੁੱਖਤਾ ਲਈ ਦਇਆਲੂਤਾ ਭਾਵਨਾ ਕਾਰਣ, ਸ਼੍ਰੀ ਸ਼ੰਕਰਾ ਭਾਗਵਤ ਪਦਆਚਾਰਿਆ ਨੇ 67ਪਦਾਂ ਦੀ ਪ੍ਰਸ਼ਨ-ਉੱਤਰ ਰਤਨ ਮਾਲਾ ਇੱਕਠੀ ਕੀਤੀ ਹੈ।ਇਹ ਕੰਮ, ਉਹ ਸਾਰੇ ਜਵਾਨ ਅਤੇ ਬਜੁਰਗ ਲੋਕਾਂ ਲਈ ਪ੍ਰੇਰਣਾ ਦਾ ਸ੍ਰੋਤ ਹੈ ਜਿਹੜੇ ਆਪਣੀ ਸ਼ਖਸ਼ੀਅਤ ਨੂੰ ਉੱਚਾ ਕਰਨਾ ਚਾਹੁੰਦੇ ਹਨ।ਵੇਦੰਤ ਭਾਰਤੀ ਨੇ ਵਿਵੇਕ ਦੀਪਿਨੀ ਛਾਪੀ ਹੈ ਜਿਹੜੇ ਚੁਣੇ ਹੋਏ 67 ਪਦਾਂ ਦਾ ਸਾਰ ਹੈ।ਇਹ ਖਾਸ ਕਰਕੇ ਸਕੂਲ ਵਿਦਿਆਰਥੀਆਂ ਲਈ ਖਾਸ ਸਿੱਖਿਆ ਹੈ।ਇਨ੍ਹਾਂ ਪਦਾਂ ਦੇ ਅਰਥਾਂ ਦੀ ਵਿਆਖਿਆ, ਸ਼੍ਰੀ ਸ.ਸ. ਨਾਗਾਨੰਦ (ਜਿਹੜੇ ਸੀਨੀਅਰ ਐਡਵੋਕੇਟ ਅਤੇ ਵੇਦੰਤ ਭਾਰਤੀ ਦੇ ਟ੍ਰਸਟੀ ਹਨ) ਨੇ ਅੰਗਰੇਜੀ ਭਾਸ਼ਾ ਵਿੱਚ ਉਦਾਹਰਣ ਦੇ ਕੇ ਕੀਤੀ ਹੈ।ਸਾਨੂੰ ਬਹੁਤ ਖੁਸ਼ੀ ਹੈ ਕਿ ਇਹ ਮੂਲ ਕਿਤਾਬ ਜਿਹਦੇ ਅੰਦਰ ਵਿਚਾਰਾਂ ਦੀ ਲੜੀ, ਅੰਗਰੇਜੀ ਵਿੱਚ ਹੈ, ਛਪ ਰਹੀ ਹੈ।ਸ਼੍ਰੀ ਨਾਗਾਨੰਦ ਦੀ ਇਹ ਕੋਸ਼ਿਸ਼ ਤਾਂ ਹੀ ਫਲ ਦਾਇਕ

ਹੋਵੇਗੀ ਜੇ ਲੋਕ ਇਸ ਕਿਤਾਬ ਨੂੰ ਪੜ੍ਹਨ ਅਤੇ ਇਸ ਉੱਤੇ ਅਮਲ ਕਰਨ।

ਮੈਨੂੰ ਪੂਰਾ ਯਕੀਨ ਹੈ ਕਿ ਸਾਰੇ ਸਕੂਲ , ਇਸ ਕਿਤਾਬ ਨੂੰ ਆਪਣੇ ਸਕੂਲਾਂ ਵਿੱਚ ਪੜ੍ਹਾਉਣਗੇ ਅਤੇ ਜਗਦ ਗੁਰੂ ਆਦਿ ਸ਼ੰਕਰਾਚਾਰਿਆ ਦੀ ਸਿੱਖਿਆਵਾਂ ਨੂੰ ਵਿਦਿਆਰਥੀਆਂ ਅੰਦਰ ਭਰ ਕੇ ਉਨ੍ਹਾਂ ਦਾ ਚਾਲ-ਚਲਣ ਚੰਗਾ ਕਰਨਗੇ।

ਮੈਂ ਸ.ਸ. ਨਾਗਾਨੰਦ ਦੀ ਦਿਲੀ ਕੋਸ਼ਿਸ਼ ਦੀ ਸਰਾਹਨਾ ਕਰਦਾ ਹਾਂ ਜਿਨ੍ਹਾਂ ਸ਼ੁੱਧ ਵਿਚਾਰਾਂ ਦੀ ਲੜੀ ਨੂੰ ਅੰਗਰੇਜੀ ਵਿੱਚ ਲਿਖਿਆ ਹੈ ਅਤੇ ਆਦਿ ਸ਼ੰਕਰਾਚਾਰਿਆ ਦੇ ਕੰਮ ਨੂੰ ਸਾਰੇ ਦੇਸ਼ ਵਿੱਚ ਫੈਲਾਉਣ ਲਈ ਪਹਿਲ ਕੀਤੀ ਹੈ।ਮੈਂ ਇਸ ਕਿਤਾਬ ਦੇ ਸਫਲ ਪ੍ਰਕਾਸ਼ਨ ਲਈ, ਉਨ੍ਹਾਂ ਦੇ ਧਾਰਮਿਕ ਮਹਾਂਪੁਰਖਾਂ ਦੀ ਪਦਵੀਂ ਵੱਲੋਂ, ਆਸ਼ੀਰਵਾਦ ਭੇਜਦਾ ਹਾਂ।

ਸ਼ੁਭ ਕਾਮਨਾਵਾਂ ਨਾਲ

ਵੀ.ਆਰ.ਗੌਰੀ ਸ਼ੰਕਰ



॥ श्री चतुर्भुजपट्टाभिरामो विजयते ॥

यडतोरे श्री योगानन्देश्वरसरस्वती मठः

चन्द्रमौळि मार्गः, कृष्णराजनगरम्, मैसूरु मण्डलम्

Place : Bengaluru

ਪਿਆਰੇ ਸ਼੍ਰੀ ਨਾਗਾਨੰਦ

ਹੇਠ ਲਿਖਿਆ ਸੰਦੇਸ਼, ਪਰਮ ਪੂਜਯ ਸ਼੍ਰੀ ਸ਼੍ਰੀ ਸ਼ੰਕਰਾ ਭਾਰਤੀ ਸਵਾਮੀ ਜੀ ਨੇ, ਤੁਹਾਡੇ ਵੱਲੋਂ ਲਿਖੀ ਕਿਤਾਬ, ਵਿਵੇਕ ਦੀਪਿਨੀ ਜਿਹੜੀ ਅੰਗਰੇਜੀ ਦੀ ਚਮਕ ਵਿਖਾਉਂਦੀ ਹੈ, ਭੇਜਿਆ ਹੈ। ਮਨੁੱਖਤਾ ਲਈ ਦਇਆਲੁਤਾ ਭਾਵਨਾ ਕਾਰਣ, ਸ਼੍ਰੀ ਸ਼ੰਕਰਾ ਭਾਗਵਤ ਪਦਆਚਾਰਿਆ ਨੇ 67ਪਦਾਂ ਦੀ ਪ੍ਰਸ਼ਨ-ਉੱਤਰ ਰਤਨ ਮਾਲਾ ਇੱਕਠੀ ਕੀਤੀ ਹੈ। ਇਹ ਕੰਮ, ਉਹ ਸਾਰੇ ਜਵਾਨ ਅਤੇ ਬਜ਼ੁਰਗ ਲੋਕਾਂ ਲਈ ਪ੍ਰੇਰਣਾ ਦਾ ਸ੍ਰੋਤ ਹੈ ਜਿਹੜੇ ਆਪਣੀ ਸ਼ਖਸ਼ੀਅਤ ਨੂੰ ਉੱਚਾ ਕਰਨਾ ਚਾਹੁੰਦੇ ਹਨ। ਵੇਦੰਤ ਭਾਰਤੀ ਨੇ ਵਿਵੇਕ ਦੀਪਿਨੀ ਛਾਪੀ ਹੈ ਜਿਹੜੇ ਚੁਣੇ ਹੋਏ 67 ਪਦਾਂ ਦਾ ਸਾਰ ਹੈ। ਇਹ ਖਾਸ ਕਰਕੇ ਸਕੂਲ ਵਿਦਿਆਰਥੀਆਂ ਲਈ ਖਾਸ ਸਿੱਖਿਆ ਹੈ। ਇਨ੍ਹਾਂ ਪਦਾਂ ਦੇ ਅਰਥਾਂ ਦੀ ਵਿਆਖਿਆ, ਸ਼੍ਰੀ ਸ.ਸ. ਨਾਗਾਨੰਦ (ਜਿਹੜੇ ਸੀਨੀਅਰ ਐਡਵੋਕੇਟ ਅਤੇ ਵੇਦੰਤ ਭਾਰਤੀ ਦੇ ਟ੍ਰਸਟੀ ਹਨ) ਨੇ ਅੰਗਰੇਜੀ ਭਾਸ਼ਾ ਵਿੱਚ ਉਦਾਹਰਣ ਦੇ ਕੇ ਕੀਤੀ ਹੈ। ਸਾਨੂੰ ਬਹੁਤ ਖੁਸ਼ੀ ਹੈ ਕਿ ਇਹ ਮੂਲ ਕਿਤਾਬ ਜਿਹਦੇ ਅੰਦਰ ਵਿਚਾਰਾਂ ਦੀ ਲੜੀ, ਅੰਗਰੇਜੀ ਵਿੱਚ ਹੈ, ਛਪ ਰਹੀ ਹੈ। ਸ਼੍ਰੀ ਨਾਗਾਨੰਦ ਦੀ ਇਹ ਕੋਸ਼ਿਸ਼ ਤਾਂ ਹੀ ਫਲ ਦਾਇਕ

ਹੋਵੇਗੀ ਜੇ ਲੋਕ ਇਸ ਕਿਤਾਬ ਨੂੰ ਪੜ੍ਹਨ ਅਤੇ ਇਸ ਉੱਤੇ ਅਮਲ ਕਰਨ।

ਵਿਚਾਰਾਂ ਦੀ ਇਸ ਲੜੀ ਦਾ ਦਸ ਭਾਸ਼ਾਵਾਂ ਵਿੱਚ ਅਨੁਵਾਦ ਪ੍ਰਸ਼ੰਸ਼ਾਂ ਯੋਗ ਹੈ ਅਤੇ ਇਸ ਮਹੱਤਤਾ ਵਾਲੇ ਕੰਮ ਦਾ ਪ੍ਰਸਾਰ ਹੋਵੇਗਾ।ਅਸੀਂ ਸ਼੍ਰੀ ਚਤੁਰਭੁਜ ਪੱਟਾਭਿਰਾਮ ਅਤੇ ਨੀਲਕੰਠ ਈਸ਼ਵਰ ਜਿਹੜੇ ਸਾਡੇ ਅਰਾਧਯ ਦੇਵਤਾ ਹਨ, ਨੂੰ ਪ੍ਰਾਰਥਨਾ ਕਰਦੇ ਹਾਂ ਕਿ ਉਹ ਸ਼੍ਰੀ ਨਾਗਾਨੰਦ ਨੂੰ ਢੇਰ ਸਾਰਾ ਆਸ਼ੀਰਵਾਦ ਦੇਣ।

12-12-2018

ਸੁਦਰਸ਼ਨ ਚਿਪਨੰਕਾਰ
(ਪ੍ਰਾਈਵੇਟ ਸਕੱਤਰ)

ਮੁੱਖ ਬੰਧ

ਸ਼੍ਰੀਮਤ ਆਦਿ ਸ਼ੰਕਰਾਚਾਰਿਆ, ਇਕ ਮਸ਼ਹੂਰ ਸੰਤ ਸਨ ਜਿਹੜੇ ਲਗ-ਭਗ ਇੱਕ ਹਜਾਰ ਸਾਲ ਪਹਿਲਾਂ ਭਾਰਤ ਵਿੱਚ ਰਹਿੰਦੇ ਸਨ। ਉਨ੍ਹਾਂ, ਸਨਾਤਨ ਧਰਮ ਦਾ ਪ੍ਰਸਾਰ ਕਰਕੇ ਦੇਸ਼ ਨੂੰ ਇਕੱਠਾ ਕੀਤਾ। ਉਨ੍ਹਾਂ ਦਾ ਜਨਮ, ਦੱਖਣੀ ਭਾਰਤ ਦੇ ਕੇਰੇਲਾ ਰਾਜ ਵਿਖੇ, ਕਾਲਾਦੀ ਵਿੱਚ ਹੋਇਆ ਜਿਹੜਾ ਪੂਰਨਾ ਨਦੀ ਦੇ ਕੰਡੇ ਹੈ, ਇਕ ਪੁਰਾਤਨ ਪੰਥੀ ਦੇ ਘਰ ਹੋਇਆ।32 ਸਾਲ ਦੇ ਛੋਟੇ ਜੀਵਨ ਵਿੱਚ ਪੈਦਲ ਚਲ ਕੇ ਉਹ ਭਾਰਤ ਵਿੱਚ ਕਈ ਬਾਰ ਘੁੰਮੇ ਅਤੇ ਸੰਸਕ੍ਰਿਤ ਵਿੱਚ ਲੇਖ ਲਿਖੇ। ਉਨ੍ਹਾਂ ਕਈ ਧਾਰਮਿਕ ਗੀਤ ਲਿਖੇ ਅਤੇ ਖਾਸ ਕਰਕੇ ਵੇਦਾਂ, ਦਸ ਉਪਨਿਸ਼ਦਾਂ, ਭਾਗਵਤ ਗੀਤਾ ਅਤੇ ਬ੍ਰਹਮ ਸੂਤਰਾਂ ਉੱਤੇ ਆਪਣੇ ਵਿਚਰਾਂ ਦੀ ਲੜੀ ਲਿਖੀ।

ਜਿਹੜੀ ਫਲਾਸਫੀ ਉਨ੍ਹਾਂ ਘੋਸ਼ਿਤ ਕੀਤੀ, ਉਹ ਹਿੰਦੂ ਧਰਮ ਉੱਤੇ ਭਾਰਤੀ ਵਿਚਾਰਧਾਰਾ ਦੀ ਸਿਖਰ ਹੈ। ਇਸ ਨੂੰ ਅਦਵੈਤ ਸਿਧਾਂਤ (ਜਾਂ ਫਲਾਸਫੀ) ਕਹਿੰਦੇ ਹਨ। ਇਹ ਕਈ ਧਰਮਾਂ ਵਿੱਚ ਹੋ ਰਹੇ ਅਭਿਆਸਾਂ ਦੇ ਭੇਦਾਂ ਨੂੰ ਖਤਮ ਕਰਦਾ ਹੈ ਅਤੇ ਇਸ ਦਾ ਲਕਸ਼ ਮਨੁੱਖਾਂ ਨੂੰ ਉੱਚ ਦਰਜੇ ਦੀ ਦਿਵੱਤਾ ਦਾ ਅਨੁਭਵ ਕਰਨ ਵੱਲ ਲੈ ਜਾਂਦਾ ਹੈ। ਇਸ ਦੇ ਨਾਲ ਨਾਲ ਇਹ ਮਨੁੱਖ ਨੂੰ ਦਿਵਯ ਬਣਾਉਂਦਾ ਹੈ ਜਿਹੜਾ ਲਕਸ਼, ਮਨੁੱਖ ਦਾ ਜਨਮ ਤੋਂ ਹੀ ਹੈ।

ਇਸ ਲਕਸ਼ ਨੂੰ ਪ੍ਰਾਪਤ ਕਰਨ ਦੇ ਕਈ ਰਸਤੇ ਹਨ। ਇਸ ਸੰਭਾਵਿਤਾ ਤੋਂ ਦਿਵੱਤਾ ਨੂੰ ਸਮਝਣ ਤੋਂ ਇਲਾਵਾ, ਸਾਰੇ ਮਨੁੱਖਾਂ ਨੂੰ ਕੁੱਝ ਸੰਸਾਰੀ ਸਚਾਈਆਂ ਨੂੰ ਪਹਿਚਾਨਣਾ ਜਰੂਰੀ ਹੈ ਅਤੇ ਆਪਣੇ ਰੋਜ ਦੇ ਜੀਵਨ ਵਿੱਚ ਉਨ੍ਹਾਂ ਦੇ ਨੈਤਿਕ ਅਸੂਲਾਂ ਦੀ ਪਾਲਣਾਂ ਕਰਨਾ ਵੀ ਜਰੂਰੀ ਹੈ।

ਇਸ ਦੀ ਪੂਰਤੀ ਲਈ ਉਨ੍ਹਾਂ, ਇਸ ਕੰਮ ਨੂੰ 67 ਪਦਾਂ (ਪ੍ਰਸ਼ਨ ਉੱਤਰਾਂ ਰਤਨ ਮਾਲਾ) ਵਿੱਚ ਜੋੜਿਆ ਹੈ। ਇਹ ਪ੍ਰਸ਼ਨ ਉੱਤਰ ਦੇ ਰੂਪ ਵਿੱਚ ਹੈ। ਇਸ ਵਿੱਚ ਕਈ ਪਦ ਹਨ ਜਿਨ੍ਹਾਂ ਦਾ ਆਧਾਰ ਧਾਰਮਿਕ ਵਿਚਾਨ ਹਨ। ਜਿਹੜੇ ਵਿਚਾਰ ਵਿਸ਼ਵ-ਵਿਆਪੀ ਹਨ ਇਹ ਇੱਕ ਉਤੇ ਅਤੇ ਸਾਰਿਆਂ ਉੱਤੇ ਲਾਗੂ ਹੁੰਦੇ ਹਨ।

ਪਰ ਇਸ ਕੰਮ ਦਾ ਬਹੁਤ ਸਾਰਾ ਹਿੱਸਾ ਵਿਸ਼ਵ-ਵਿਆਪੀ ਹੈ ਜਿਹੜਾ ਪ੍ਰਾਚੀਨ ਭਾਰਤ ਦੀ ਸਰਵ-ਵਿਆਪਕਤਾ ਦਰਸਾਉਂਦਾ ਹੈ, ਖਾਸ ਕਰ ਕੇ ਅਦਵੈਤ ਫਲਾਸਫੀ ਨੂੰ ਦਰਸਾਉਂਦਾ ਹੈ। ਉਨ੍ਹਾਂ ਪਦਾਂ ਦਾ ਹਰ ਇਕ ਲਈ ਮਹਾਨ ਮੁੱਲ ਹੈ। ਉਨ੍ਹਾਂ ਨੂੰ ਧਿਆਨ ਨਾਲ ਪੜ੍ਹਨ ਅਤੇ ਉਨ੍ਹਾਂ ਨੂੰ ਜਵਾਨ ਪੀੜ੍ਹੀ ਅਤੇ ਖਾਸ ਕਰਕੇ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਨਾਲ ਉਨ੍ਹਾਂ ਦੇ ਨੈਤਿਕ ਚਾਲ-ਚਲਣ (ਵਿਵਹਾਰ) ਜਿਹੜੇ ਹਰ ਜਵਾਨ ਬੱਚੇ ਅੰਦਰ ਘਰ ਕਰ ਜਾਣਗੇ, ਉਹ ਸਮਾਜ ਦਾ ਸੁਧਾਰ ਕਰੇਗਾ।

ਇਸ ਲਕਸ਼ ਨੂੰ ਕਈ ਸਾਲਾਂ ਤੋਂ ਮੁੱਖ ਰੱਖ ਕੇ ਵੇਦੰਤਾ ਭਾਰਤੀ ਦੇ ਗਿਆਨੀਆਂ ਨੇ ਪ੍ਰਸ਼ਨ-ਉੱਤਰ ਰਤਨ ਮਾਲਾ ਵਿੱਚੋਂ 37 ਪਦ ਚੁਣੇ ਹਨ ਅਤੇ ਉਨ੍ਹਾਂ ਦਾ ਨਾਂ, ਵਿਵੇਕ ਦੀਪਿਨੀ ਅਰਥਾਤ ਗਿਆਨ-ਪ੍ਰਕਾਸ਼ ਰੱਖਿਆ ਹੈ

ਮੇਰੇ ਇਸ ਪ੍ਰਸ਼ਨ-ਉੱਤਰ ਮਾਲਾ ਦੇ ਅੰਗ੍ਰੇਜੀ ਵਿੱਚ ਵਿਚਾਰਾਂ ਦੀ ਲੜੀ ਲਿਖਣ ਤੋਂ ਬਾਦ, ਇਸ ਦਾ ਉਦਘਾਟਨ 28-29 ਅਕਤੂਬਰ, 2017 ਨੂੰ ਸੋਂਦਰਿਆ ਲੈਹਿਰੀ ਮਹਾਸਮਰਪਣ ਦੇ ਵਿੱਚ ਹੋਇਆ। ਉਸ ਤੋਂ ਬਾਦ, ਪਰਮ ਪੂਜਨੀਯ ਸ਼੍ਰੀ ਸ਼ੰਕਰਾਂ ਭਾਰਤੀ ਸਵਾਮੀ ਜੀ ਨੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਨੂੰ ਇਸ ਬਾਰੇ ਦੱਸਿਆ। ਇਸ ਕਿਤਾਬ ਨੂੰ ਪੜ੍ਹਨ ਤੋਂ ਬਾਦ ਮਾਨਯੋਗ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਕਿਤਾਬ ਸਾਰੇ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਹੋਵੇਗੀ ਅਤੇ ਇਸ ਦਾ ਸੰਦੇਸ਼ ਦੇਸ਼ ਦੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਾਤਭਾਸ਼ਾ ਵਿੱਚ ਪਹੁੰਚਣਾ ਚਾਹੀਦਾ ਹੈ। ਇਸ ਕਾਰਣ, ਇਨ੍ਹਾਂ ਪਦਾਂ ਦੇ ਵਿਚਾਰਾਂ ਦੀ ਲੜੀ ਅੰਗਰੇਜੀ ਵਿੱਚ ਲਿਖੀ ਗਈ ਅਤੇ ਇਸ ਦਾ ਅਨੁਵਾਦ ਭਾਰਤ ਦੀਆਂ ਦਸ ਭਾਸ਼ਾਵਾਂ ਵਿੱਚ ਕੀਤਾ ਗਿਆ ਹੈ ਤਾਂ ਜੋ ਇਨ੍ਹਾਂ ਦਾ ਵਿਤਰਣ ਸਾਰੇ ਦੇਸ਼ ਦੇ ਸਕੂਲਾਂ ਵਿੱਚ ਕੀਤਾ ਜਾ ਸਕੇ।

ਇਹ ਕਿਤਾਬ, ਸਾਧਾਰਨ ਢੰਗ ਨਾਲ ਕਈ ਹੋਰ ਮਹੱਤਤਾ ਵਾਲੇ ਕੰਮਾਂ ਦੀ ਉਦਾਹਰਨਾਂ ਦੇ ਕੇ ਲਿਖੀ ਗਈ ਹੈ। ਇਸ ਵਿੱਚ ਦਿੱਤੇ ਵਿਚਾਰ ਵਿਸ਼ਵ ਵਿਆਪਕ ਸਾਰੇ ਧਰਮਾਂ ਉੱਤੇ ਲਾਗੂ ਹੁੰਦੇ ਹਨ। ਹਨ।

ਮੈਨੂੰ ਉਮੀਦ ਹੈ ਕਿ ਜਿਹੜਾ ਮਹਾਨ ਕੰਮ, ਬੱਚਿਆਂ ਦੇ ਚਾਲ-ਚਲਣ ਨੂੰ ਸੁਧਾਰਨ ਅਤੇ ਨੈਤਿਕਤਾ ਪੈਦਾ ਕਰਨ ਲਈ ਕੀਤਾ ਜਾ ਰਿਹਾ ਹੈ, ਉਸ ਵਿੱਚ ਇਹ ਥੌੜੀ ਮਦਦ ਕਰੇਗਾ।

ਮੈਂ ਐਚ.ਐਚ ਸ੍ਰੀ ਸ੍ਰੀ ਸ਼ੰਕਰਾਭਾਰਤੀ ਸਵਾਮੀ ਜੀ ਦਾ ਅਭਾਰੀ ਹਾਂ ਅਤੇ ਉਨ੍ਹਾਂ ਨੂੰ ਸ਼ਾਸ਼ਟੰਗ ਪ੍ਰਣਾਮ ਕਰਦਾ ਹਾਂ ਜਿਨ੍ਹਾਂ ਮੈਨੂੰ ਹੌਂਸਲਾ ਦਿੱਤਾ, ਮੇਰਾ ਮਾਰਗ ਦਰਸ਼ਨ ਕੀਤਾ ਅਤੇ ਮੇਰੇ ਵਿੱਚ ਇਹ ਸਾਰਾ ਕੁੱਝ ਲਿਖਣ ਦਾ ਵਿਸ਼ਵਾਸ਼ ਪੈਦਾ ਕੀਤਾ ਜਿਹੜਾ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਇਸ ਗਹਿਰਾਈ ਵਾਲੇ ਵਿਸ਼ੇ ਨੂੰ ਨਹੀਂ ਲਿਖ ਸਕਦਾ ਸੀ।

16 ਜੂਨ, 2019 ਬੰਗਲੂਰੂ | ਸ.ਸ. ਨਾਗਾਨੰਦ

Publisher's Note

At the conclusion of Prashnottara Rathna Malika, **Sri Shankara Bhagavatpada** Himself says this about its significance - "Those who wear this Rathna Malika around their neck, which is in the form of query and response, always shine bright in society, in the manner of one wearing pearl ornaments." Hence this Prashnottara Rathna Malika is an apt gude to be borne in mind always. This Viveka Deepine is a summary form of Prashnottara Rathna Malika.

Viveka Deepinee, which is in the nature of a touching conversation between the Guru and his disciple, has been compiled in English by Shri S.S. Naganand, a leading advocate and one of the trustees of Vedanta Bharati. It is a matter of great pleasure that this is being brought out as its 54th publication. Shi Naganand, who is of adhyatmic disposition and is involved in several institutions of the country, has authored this book with much diligence and commitment. Vedanta Bharati extends its heartfelt thanks to Shri S.S. Naganand.

During Soundarya Lahari Mahasamarpana held on 28 and 29th October 2017, after perusing the English commentary on Prashnottara Rathna Malika, the Prime Minister of India Sri Narendra Modi, who was the Chief Guest, expressed that a shorter version of Viveka Deepini in all Indian languages to be made a part of school syllabus for students all over India would go along way in inculcating values in young minds. With this encouragement, the book has been translated into 10 Indian languages, viz. Hindi, Kannada, Telugu, Tamil, Malayalam, Marathi, Gujarati, Odiya, Bengali and

Punjabi. The translators spread across the country have put in great effort to bring out the essence of Viveka Deepini in a simple and easy style. We express great appreciation and sincere thanks to all the translators for their untiring effort.

Paramapujya Jagadguru Shri Shri Bharati Teertha Mahaswamiji, Pontiff of Shri Sringeri Sharadapeetham, who is also the Chief Patron of Vedanta Bharati, has blessed all the translations by gracing it with Message. We prostrate at His lotus feet with reference.

The Patron of Vedanta Bharati and Pontiff of Shri Yoganandeshwara Saraswati Math, **Paramapujya Shri Shri Shankarabharati Swamiji** has showered his blessings by providing Shrimukha. Our prostrations at His lotus feet with reference.

We are grateful to Sri Narayan, proprietor of Span Printers for bringing out this book in an attractive format.

Bengaluru,
16.06.2019

Dr. Sridhar Bhat Ainakai
Director, Vedanta Bharati

ਵਿਵੇਕ ਦੀਪਿਨੀ

ਆਦਿ ਸ਼ੰਕਰਾਚਾਰਿਆ, ਭਾਰਤ ਵਿੱਚ 12ਵੀਂ ਸਦੀ ਏ.ਡੀ. ਵਿੱਚ ਰਹਿੰਦੇ ਸਨ। ਉਨ੍ਹਾਂ ਦੇ ਕਈ ਮਹੱਤਤਾ ਵਾਲੇ ਕੰਮਾਂ ਵਿੱਚੋਂ ਪ੍ਰਸ਼ਨ ਉੱਤਰ ਮਾਲਿਕਾ ਵਿੱਚ, ਕਵਿਤਾਵਾਂ ਦੇ 67 ਸ਼ਲੋਕ ਹਨ। ਇਨ੍ਹਾਂ ਵਿੱਚ ਪੁਰਾਣੇ ਜਮਾਨੇ ਦੇ ਭਾਰਤੀਆਂ ਦੇ ਵਿਚਾਰ ਸਮਾਏ ਹੋਏ ਹਨ। ਇਹ, ਵੱਖ ਵੱਖ ਵਿਚਾਰਾਂ ਦਾ ਇਕੱਠ ਹੈ ਜਿਹਦੇ ਵਿੱਚ ਨੈਤਿਕਤਾ, ਆਚਰਣ ਅਤੇ ਚੰਗੇ ਵਰਤਾਓ ਬਾਰੇ ਦੱਸਿਆ ਹੋਇਆ ਹੈ। ਇਹ ਅਚੰਭੇ ਦੀ ਗਲ ਹੈ ਕਿ ਇਹ ਲੋਕਾਂ ਦਾ ਸਾਰ ਹੁਣ ਵੀ ਮਨੁੱਖੀ ਜੀਵਨ ਲਈ ਢੁੱਕਦਾ ਹੈ ਅਤੇ 21ਵੀਂ ਸਦੀ ਲਈ ਵੀ ਅਰਥਪੂਰਣ ਹੈ।

ਵਿਵੇਕ ਦੀਪਨੀ ਵਿੱਚ 37 ਕਵਿਤਾਵਾਂ ਦੇ ਸ਼ਲੋਕ ਹਨ ਜਿਹੜੇ ਪ੍ਰਸ਼ਨ ਉੱਤਰ ਦੇ ਰੂਪ ਵਿੱਚ ਹਨ ਅਤੇ ਵਿਦਿਆਰਥੀਆਂ ਨੂੰ ਇਸ ਦਾ ਗਿਆਨ ਹੋਣਾ ਚਾਹੀਦਾ ਹੈ। ਇਹ ਭਾਰਤੀ ਫਿਲਾਸਿਫੀ ਦਾ ਖਜਾਨਾ ਹਨ ਅਤੇ ਇਨ੍ਹਾਂ ਦਾ, ਜੀਵਨ ਦੀ ਨੈਤਿਕਤਾ ਅਤੇ ਆਚਰਣ ਮੁੱਲਾਂ ਵਿੱਚ ਬਹੁਤ ਯੋਗਦਾਨ ਹੈ। ਇਨ੍ਹਾਂ ਮੁੱਲਾਂ ਨੂੰ ਚੰਗੇ ਆਚਰਣ ਲਈ ਜਰੂਰ ਅਪਨਾਉਣਾ ਚਾਹੀਦਾ ਹੈ। ਇਹ ਕਵਿਤਾਵਾਂ ਦੇ ਸ਼ਲੋਕਾਂ ਨੂੰ ਸਮਝਣਾ ਆਸਾਨ ਹੈ ਅਤੇ ਇਸ ਵਿੱਚ ਕੁਝ ਖਾਸ ਮਾਨਵ ਮੁੱਲਾਂ ਦਾ ਉਲੇਖ ਹੈ ਜਿਹੜੇ ਮੁੱਲ ਕਿਸੇ ਧਰਮ ਲਈ ਨਹੀਂ ਹਨ ਪਰ ਇਨ੍ਹਾਂ ਦਾ ਪ੍ਰਯੋਗ ਸਾਰੇ ਬ੍ਰਹਮੰਡ ਵਾਸੀਆਂ ਲਈ ਹੈ। ਇਹ ਕਵਿਤਾਵਾਂ ਦੀਆਂ ਪੰਗਤੀਆਂ ਨੂੰ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਚਾਹੀਦਾ ਹੈ।

कः खलु नालंक्रियते दृष्टादृष्टार्थसाधनपटीयान्।
अमुया कण्ठस्थितया प्रश्नोत्तररत्नमालिकया ॥१॥

ਕਾਹ ਖਲੁ ਨਾਲਮਕ੍ਰਿਜਤੇ ਦ੍ਰਿਸ਼ਟਾਦ੍ਰਿਸ਼ਟਾਰਥਸਾਧਨ
ਪਟਿਆਨਅਮੁਆ ਕੰਠੱਸਥਿਤਅਪ੍ਰਸ਼ਨਉੱਤਰ ਰਤਨ ਮਾਲਿਕਾ ॥1॥

ਕੀ ਉਹ ਲੋਕ ਜਿਨ੍ਹਾਂ ਨੂੰ ਸੰਸਾਰੀ ਗਿਆਨ ਅਤੇ ਭਗਵਾਨ ਬਾਰੇ ਗਿਆਨ ਹੈ, ਪ੍ਰਸ਼ਨ-ਉੱਤਰ ਮਾਲਾ ਨੂੰ ਸਿੱਖ ਕੇ ਸੁਸ਼ੋਭਿਤ ਨਹੀਂ ਹੋਣਗੇ?

ਸ਼ੁਰੂ ਦੀ ਪੰਗਤੀ ਕਰਮ ਦੇ ਮੰਤਵ (ਲਕਸ਼) ਦੀ ਪ੍ਰਸ਼ੰਸਾ ਕਰਦੀ ਹੈ ਅਤੇ ਉਸ ਕਰਮ ਦੇ ਲਾਭ ਬਾਰੇ ਦਸਦੀ ਹੈ ਕਿ ਕਿਸੇ ਮਨੁੱਖ ਕੋਲ ਭਾਵੇਂ ਪੂਰਾ ਸੰਸਾਰੀ ਗਿਆਨ ਹੈ ਜਾਂ ਉਸ ਕੋਲ ਭਗਵਾਨ ਬਾਰੇ ਗਿਆਨ ਹੈ (ਅਰਥਾਤ) ਵੇਖਿਆ-ਅਨਵੇਖਿਆ) ਉਸ ਨੂੰ ਕਵਿਤਾਵਾਂ ਦੀਆਂ ਪੰਗਤੀਆਂ ਦਾ ਉਚਾਰਣ ਕਰਨ ਨਾਲ, ਜਰੂਰ ਲਾਭ ਹੋਵੇਗਾ। ਇਸ ਕਰਮ ਨੂੰ ਨਗਾਂ ਦੇ ਬਣੇ ਹਾਰ, ਕਿਹਾ ਗਿਆ ਹੈ। ਇਹ ਨਗ ਵਾਲੀ ਗਲੇ ਦੀ ਮਾਲਾ ਦੀ ਤੁਲਨਾ ਇਕ ਮਸ਼ਹੂਰ ਮਿਸਾਲ ਨਾਲ ਕੀਤੀ ਗਈ ਹੈ। ਇਸ ਨੂੰ ਸੰਸਕ੍ਰਿਤ ਵਿੱਚ ਰੂਪਾ ਅਲੰਕਾਰ ਕਹਿੰਦੇ ਹਨ, ਨਗ ਮੁੱਲਵਾਨ ਹੁੰਦੇ ਹਨ, ਖਾਸ ਕਰਕੇ ਨੌ ਮਸ਼ਹੂਰ ਨਗ ਜਿਨ੍ਹਾਂ ਨੂੰ ਨੌਂ ਗ੍ਰਹਿ ਕਹਿੰਦੇ ਹਨ। ਉਹ ਪਵਿੱਤਰ ਮੰਨੇ ਜਾਂਦੇ ਹਨ। ਦੂਜਾ ਕਾਰਣ ਇਹ ਹੈ ਕਿ ਨਗਾਂ ਵਾਲੀ ਗਲੇ ਦੀ ਮਾਲਾ ਨੂੰ ਗਲੇ ਦੇ ਇਰਦ ਗਿਰਦ ਪਾਉਂਦੇ ਹਨ ਅਤੇ ਉਹ ਗੱਲੇ ਨੂੰ ਸੁਸ਼ੋਭਿਤ ਕਰਦੀ ਹੈ। ਉਸੇ ਤਰ੍ਹਾਂ ਕਰਮ ਜਿਹੜਾ ਪ੍ਰਸ਼ਨ ਅਤੇ ਉੱਤਰ ਦੇ ਰੂਪ ਵਿੱਚ ਹੈ ਅਤੇ ਜਿਹੜਾ

ਇਸ ਨੂੰ ਸਮਝ ਲੈਂਦਾ ਹੈ, ਉਹ ਗਿਆਨ ਨਾਲ ਸੁਸ਼ੋਭਿਤ ਹੋ ਜਾਂਦਾ ਹੈ। ਜਿਹੜਾ ਇੰਨ੍ਹਾਂ ਨੂੰ ਯਾਦ ਕਰ ਲੈਂਦਾ ਹੈ, ਉਨ੍ਹਾਂ ਨੂੰ ਸਮਾਜ ਵਿੱਚ ਸਨਮਾਨ ਮਿਲਦਾ ਹੈ॥1॥

भगवन् किमुपादेयं गुरुवचनं हेयमपि च किमकार्यम् ।
को गुरुरधिगततत्त्वः   शिष्यहितायोद्यतः सततम् ॥२॥

ਭਗਵਾਨ ਕਿੱਮੁਪਾਦਿਅੰਮ ਗੁਰੂਵਚਨਮ ਹਿਆਮਪਿਚਕਿੰਮ?
ਅਕਾਰਿਅਮਕੋ ਗੁਰੂਰ ਅਧਿੱਗਤਤਤੱਵਹਸ਼ਿਸ਼ ਹਿਤਾਉਦ-
ਯਤਸਸਤਤਮ ॥2॥

ਕਵਿਤਾ ਦੀਆਂ ਇਹ ਪੰਗਤੀਆਂ ਦਸਦੀਆਂ ਹਨ ਕਿ ਗੁਰੂ ਅਤੇ ਗੁਰੂ ਦੀ ਮਹੱਤਤਾ, ਇਹ ਪੁੱਛ ਕੇ ਕੀਤੀ ਹੈ ਕਿ ਗੁਰੂ ਦੀ ਕਿਹੜੀ ਗੱਲ ਮਨੱਣੀ ਚਾਹੀਦੀ ਹੈ। ਉਸ ਦਾ ਉੱਤਰ ਹੈ ਕਿ ਗੁਰੂ ਵੱਲੋਂ ਦਿੱਤੀ ਨਸੀਹਤ ਮੱਨਣੀ ਚਾਹੀਦੀ ਹੈ। ਇੱਥੇ ਇਸ ਗੱਲ ਤੇ ਜੋਰ ਦਿੱਤਾ ਗਿਆ ਹੈ ਕਿ ਅੱਧਿਆਤਮਿਕਤਾ ਦੀ ਤਰੱਕੀ ਵਿੱਚ ਗੁਰੂ ਦਾ ਸਥਾਨ ਖਾਸ ਹੈ ਅਤੇ ਮਨੁੱਖ ਨੂੰ ਗੁਰੂ ਵੱਲੋਂ ਦਿੱਤੇ ਮਾਰਗ ਦਰਸ਼ਨ ਉੱਤੇ ਹੀ ਚਲਣਾ ਚਾਹੀਦਾ ਹੈ ਅਤੇ ਦੂਜਿਆਂ ਦੀ ਗੱਲ ਨਹੀਂ ਮਨੱਣੀ ਚਾਹੀਦੀ। ਅਗਲੇ ਪ੍ਰਸ਼ਨ ਉੱਤਰ ਵਿੱਚ ਇਹ ਦੱਸਿਆ ਜਾਵੇਗਾ ਕਿ ਗੁਰੂ ਵਿੱਚ ਕਿਹੜੇ ਗੁਣ ਹੋਣੇ ਚਾਹੀਦੇ ਹਨ? ਉਸ ਦਾ ਉੱਤਰ ਹੈ ਕਿ ਗੁਰੂ ਉਹ ਹੈ ਜਿਹੜਾ ਅਸਲੀ ਸਚਾਈ ਨੂੰ ਜਾਣਦਾ ਹੈ ਅਤੇ ਹਮੇਸ਼ਾ ਆਪਣੇ ਚੇਲਿਆਂ ਜਾਂ ਸ਼ਿਸ਼ਾਂ ਦੀ ਭਲਾਈ ਲਈ ਕੰਮ ਕਰਦਾ ਹੈ। ਇਸ ਆਦਰਸ਼ ਗੁਰੂ ਅਤੇ ਚੇਲੇ ਵਿੱਚ ਉਸ ਦੇ ਰਿਸ਼ਤੇ ਦੀ ਸਰਾਹਨਾ, ਅਸੀਂ

ਉਸ ਵੇਲੇ ਕਰਾਂਗੇ ਜਦ ਸਾਨੂੰ ਗੋਬਿੰਦਾ ਭਾਗਵਤ ਪਦਾ ਅਤੇ ਸ਼ੰਕਰਾਚਾਰਿਆ ਰਾਮ ਕ੍ਰਿਸ਼ਨ, ਪਰਮਹੰਸ ਅਤੇ ਵਿਵੇਕਾਨੰਦ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਗਿਆਨ ਹੋਵੇਗਾ। ਸਾਰੇ ਧਰਮਾਂ ਵਿੱਚ, ਗੁਰੂ ਦੀ ਮਹੱਤਤਾ ਇਸ ਗੱਲ ਤੋਂ ਪਤਾ ਚਲਦੀ ਹੈ ਕਿ ਉਸ ਨੇ ਅੱਧਿਆਤਮਿਕਤਾ ਵਿੱਚ ਕਿੰਨੀ ਤਰੱਕੀ ਕੀਤੀ ਹੈ। ਉਚੇਰੀ ਅੱਧਿਆਤਮਿਕਤਾ ਪ੍ਰਾਪਤ ਕਰਨ ਤੋਂ ਬਾਅਦ ਹੀ ਗੁਰੂ, ਦੂਜਿਆਂ ਦਾ ਮਾਰਗ ਦਰਸ਼ਨ ਕਰਨ ਦੇ ਯੋਗ ਹੁੰਦਾ ਹੈ। ਗੁਰੂ ਦੀ ਮਹੱਤਤਾ ਨੂੰ ਵੇਦੰਤਾ ਅਤੇ ਕਈ ਰਚਨਾਵਾਂ ਵਿੱਚ ਵਿਸਤਾਰ ਨਾਲ ਦੱਸਿਆ ਗਿਆ ਹੈ। ਇਸ ਤਰ੍ਹਾਂ ਦੀ ਇਕ ਸੁਭਾਸ਼ਿਤ ਦਸਦੀ ਹੈ ਕਿ ਕਈ ਗੁਰੂ ਇਸ ਤਰ੍ਹਾਂ ਦੇ ਹਨ ਜਿਹੜੇ ਆਪਣੇ ਚੇਲਿਆਂ ਨੂੰ ਧਨ ਤੋਂ ਬੰਚਿਤ ਕਰ ਦਿੰਦੇ ਹਨ ਅਤੇ ਕੁੱਝ ਗੁਰੂ ਇਸ ਤਰ੍ਹਾਂ ਦੇ ਹੁੰਦੇ ਹਨ ਜਿਹੜੇ ਆਪਣੇ ਚੇਲਿਆਂ ਦੇ ਮਨਾਂ ਨੂੰ ਹਲਚਲ ਤੋਂ ਰਹਿਤ ਕਰ ਦਿੰਦੇ ਹਨ। ਇਕ ਹੋਰ ਕਰਮ ਵਿੱਚ ਗੁਰੂ ਦੀ ਉਸਤਤੀ ਇਹ ਕਹਿ ਕੇ ਕੀਤੀ ਜਾਂਦੀ ਹੈ ਕਿ ਉਸ ਗੁਰੂ ਦੀ ਤੁਲਨਾ ਕਿਸੇ ਹੋਰ ਨਾਲ ਇਸ ਲਈ ਨਹੀਂ ਕੀਤੀ ਜਾ ਸਕਦੀ ਕਿਉਂ ਜੋ ਇਸ ਤਰ੍ਹਾਂ ਦਾ ਗੁਰੂ ਗਿਆਨ ਦੇ ਲੈਂਪ ਨੂੰ ਜਗਾਉਂਦਾ ਹੈ। ਭਾਵੇਂ ਪਾਰਸ ਹਰ ਚੀਜ ਨੂੰ ਛੂ ਕੇ ਸੋਨੇ ਵਿੱਚ ਬਦਲ ਦਿੰਦਾ ਹੈ ਪਰ ਇਕ ਪਾਰਸ ਦੂਜੇ ਪਾਰਸ ਨੂੰ ਸੋਨੇ ਵਿੱਚ ਨਹੀਂ ਬਦਲ ਸਕਦਾ। ਪਰ ਇਕ ਗੁਰੂ ਵਿੱਚ ਉਹ ਸ਼ਕਤੀ ਹੈ ਕਿ ਉਹ ਆਪਣੇ ਚੇਲੇ ਵਿੱਚ ਗਿਆਨ ਜੋਤ ਉਵੇਂ ਹੀ ਜਗਾਉਂਦਾ ਹੈ ਜਿਵੇਂ ਅਸੀਂ ਇਕ ਲੈਂਪ ਨੂੰ ਜਗਾਉਂਦੇ ਹਾਂ ਅਤੇ ਉਹ ਜਗਾਈ ਹੋਈ ਲੈਂਪ ਨਾਲ ਦੂਜਿਆਂ ਲੈਂਪਾਂ ਵੀ ਜਗਾਈਆਂ ਜਾਂਦੀਆਂ ਹਨ। ਮਹਾਨ ਸੰਤ

ਜਿਵੇਂ ਸੰਤ ਕਬੀਰਦਾਸ, ਪੂਰਨਦਾਰਾਦਾਸ, ਕਨਕਾਦਾਸ, ਸੰਤ ਤੁਕਾਰਾਮ ਅਤੇ ਅਮੀਰ ਖੁਸਰੋ ਅਤੇ ਸੂਫੀ ਕਵਿਤਾਵਾਂ ਲਿਖਣ ਵਾਲਿਆਂ ਨੇ ਆਪਣੀਆਂ ਕਵਿਤਾਵਾਂ ਵਿੱਚ, ਗੁਰੂਆਂ ਦੇ ਗੁਣਾਂ ਦੀ ਉਸਤਤੀ ਕੀਤੀ ਹੈ।ਉਹ, ਗੁਰੂਆਂ ਦੀ ਮਹਾਨ ਸ਼ਕਤੀ ਹੈ।ਗੁਰੂਆਂ ਦੀ ਵਿਆਖਿਆ ਅਤੇ ਉਨ੍ਹਾਂ ਦੇ ਮਹੱਤਤਾ ਵਾਲੇ ਵਿਚਾਰਾਂ ਤੋਂ ਸਾਨੂੰ ਇਹ ਵਿਚਾਰ ਮਿਲਦਾ ਹੈ ਕਿ ਸਾਨੂੰ ਕਿਹੜੀ ਚੀਜ ਦਾ ਤਿਆਗ ਕਰਨਾ ਚਾਹੀਦਾ ਹੈ। ਇਸ ਦੇ ਉੱਤਰ ਵਿੱਚ ਲਿਖਿਆ ਹੈ ਕਿ ਅੱਧਿਆਤਮਿਕਤਾ ਤਰੱਕੀ ਲਈ ਬੁਰੇ ਅਤੇ ਗਲਤ ਕਰਮ, ਭਿਆਨਕ ਰੁਕਾਵਟਾਂ ਪਾਉਂਦੇ ਹਨ।ਇਸ ਲਈ ਉਹ ਬੁਰੇ ਅਤੇ ਗਲਤ ਕਰਮਾਂ ਨੂੰ ਤਿਆਗ ਦੇਣਾ ਚਾਹੀਦਾ ਹੈ।ਅੱਜ ਕਲ ਲਈ ਇਹ ਜਰੂਰੀ ਹੈ ਕਿ ਸਾਨੂੰ ਚੰਗੇ ਅਤੇ ਮਾੜੇ ਕਰਮਾਂ ਨੂੰ ਯਾਦ ਰੱਖਣਾ ਚਾਹੀਦਾ ਹੈ।ਇਹ ਸਾਨੂੰ ਇਹ ਵੀ ਯਾਦ ਦਵਾਉਂਦਾ ਹੈ ਕਿ ਸਾਨੂੰ ਆਮ ਤੌਰ ਤੇ ਆਪਣੇ ਜੀਵਨ ਵਿੱਚ, ਚੰਗੇ ਅਤੇ ਮਾੜੇ ਵਿੱਚ ਫਰਕ ਭੁੱਲ ਜਾਂਦਾ ਹੈ ॥2॥

कः पथ्यतरो धर्मः कः शुचिरिह यस्य मानसं शुद्धम् ।
कः पण्डितो विवेकी किं विषमवधीरणा गुरुषु ॥३॥

ਕਾਹ ਪੱਥਯਤਰੋ? ਧਰਮਹ ਕਹਸ਼ੁਚਰਿਆ?ਯਸਯ ਮਾਨਸਮ
ਸ਼ੁਧਮਕਾਹ ਪੰਡਿਤੋ ? ਵਿਵੇਕੀ , ਕਿੰਮ ਵਿਸ਼ਮ
ਅਵਧੀਰਨਾਗੁਰੂਸ਼ੂ॥3॥

ਪ੍ਰਸ਼ਨ: ਜੀਵਨ ਵਿੱਚ ਬਹੁਤ ਆਦਰਸ਼ ਕਿਹੜੀ ਚੀਜ ਹੈ?

ਉੱਤਰ: ਧਰਮ

ਪ੍ਰਸ਼ਨ: ਪਵਿੱਤਰ ਕੌਣ ਹੈ?

ਉੱਤਰ: ਜਿਹਦਾ ਹਿਰਦਾ ਪਵਿੱਤਰ ਹੈ।

ਪ੍ਰਸ਼ਨ: ਪੰਡਿਤ ਕੌਣ ਹੈ?

ਉੱਤਰ: ਉਹ ਜਿਹੜਾ ਬੁੱਧੀਮਾਨ ਹੈ।

ਪ੍ਰਸ਼ਨ: ਜ਼ਹਿਰ ਕਿਸ ਨੂੰ ਕਹਿੰਦੇ ਹਨ?

ਉੱਤਰ: ਗੁਰੂਆਂ ਅਤੇ ਵੱਡਿਆਂ ਦੀ ਬੇਜਿਅਤੀ ਕਰਨਾ ਅਤੇ ਉਨ੍ਹਾਂ ਨੂੰ ਮਹੱਤਤਾ ਨਾ ਦੇਣਾ, ਜ਼ਹਿਰ ਹੈ।

ਇਸ ਕਵਿਤਾ ਦੀ ਪੰਗਤੀਆਂ ਵਿੱਚ ਜਿਹੜੇ ਵੀ ਕੁੱਝ ਪ੍ਰਸ਼ਨ ਅਤੇ ਉੱਤਰ ਲਿਖੇ ਗਏ ਹਨ ਉਹ ਅੱਧਿਆਤਮਿਕਤਾ ਮਾਰਗ ਦੇ ਵਿਵੇਕ (ਫਰਕ) ਦੀ ਮਹੱਤਤਾ ਦਰਸਾਉਂਦੇ ਹਨ।ਮਨੁੱਖ ਨੂੰ ਕਿਵੇਂ ਆਦਰਸ਼ ਜੀਵਨ ਬਿਤਾਉਣਾ ਚਾਹੀਦਾ ਹੈ? ਇਸ ਦਾ ਉੱਤਰ ਹੈ ਕਿ ਮਨੁੱਖ ਨੂੰ ਧਰਮ ਦੀ ਪਾਲਣਾ ਕਰਦੇ ਹੋਏ ਜੀਵਨ ਬਤੀਤ ਕਰਨਾ ਚਾਹੀਦਾ ਹੈ ਅਰਥਾਤ ਮਨੁੱਖ ਨੂੰ ਅਦਰਮ ਵਾਲੇ ਕਰਮ ਨਹੀਂ ਕਰਨੇ ਚਾਹੀਦੇ।

ਸੰਸਾਰੀ ਜੀਵਨ ਵਿੱਚ ਇਹ ਵੇਖਣ ਨੂੰ ਆਇਆ ਹੈ ਕਿ ਮਨੁੱਖ ਅਧਰਮ ਦੇ ਕਰਮ ਕਰਨ ਨੂੰ ਪਹਿਲ ਦਿੰਦੇ ਹਨ ਪਰ ਧਰਮ ਵਾਲੇ ਕਰਮਾਂ ਵਾਲੇ ਫਲਾਂ ਦੀ ਇੱਛਾ ਰੱਖਦੇ ਹਨ।

ਹਰ ਮਨੁੱਖ ਚੰਗੇ ਕਰਮਾਂ ਦੇ ਫਲ ਦੀ ਇੱਛਾ ਰੱਖਦਾ ਹੈ ਪਰ ਉਹ ਅਧਰਮ ਦੇ ਕਰਮ ਕਰਨ ਵਿੱਚ ਜੁਟਿਆ ਹੋਇਆ ਹੈ।ਕੋਈ ਵੀ ਨਹੀਂ ਚਾਹੁੰਦਾ ਕਿ ਉਸ ਵੱਲੋਂ ਕੀਤੇ ਕਰਮਾਂ ਦਾ ਮਾੜਾ ਫਲ ਮਿਲੇ।ਹਰ ਕੋਈ ਜਾਣ ਬੁੱਝ ਕੇ ਪਾਪ ਵਾਲੇ ਕਰਮਾਂ ਵਿੱਚ ਲੱਗਾ ਹੋਇਆ ਹੈ।ਇਸ

ਕਰਕੇ ਆਚਾਰਿਆ, ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਆਦਰਸ਼ ਜੀਵਨ ਬਿਤਾਉਣ ਲਈ, ਮਨੁੱਖ ਨੂੰ ਧਰਮ ਦਾ ਰਸਤਾ ਅਪਨਾਉਣਾ ਚਾਹੀਦਾ ਹੈ। ਆਦਰਸ਼ ਜੀਵਨ ਬਿਤਾਉਣ ਦਾ ਦੂਜਾ ਰਸਤਾ ਹੈ, ਪਵਿੱਤਰਤਾ। ਇਸ ਦਾ ਅਰਥ, ਕੇਵਲ ਸਰੀਰ ਦੀ ਪਵਿੱਤਰਤਾ ਦਾ ਹੋਣਾ ਹੀ ਨਹੀ ਹੈ। ਜਦ ਮਨੁੱਖ ਦਾ ਮਨ ਅਪਵਿੱਤਰ ਹੁੰਦਾ ਹੈ ਤਾਂ ਮੰਦਰਾਂ ਜਾਂ ਪੂਜਾ ਸਥਾਨਾਂ ਤੇ ਜਾਣ ਦਾ ਕੋਈ ਲਾਭ ਨਹੀਂ। ਭਗਤੀ ਦੀ ਇਕ ਮਸ਼ਹੂਰ ਵਿਆਖਿਆ ਦੇ ਮੁਤਾਬਕ, ਮਨੁੱਖ ਨੂੰ ਚਾਹੀਦਾ ਹੈ ਕਿ ਉਹ ਹਰ ਰੋਜ਼ ਆਪਣੇ ਮਨ ਵਿੱਚੋਂ ਲਾਲਸਾ, ਗੁੱਸਾ, ਲਾਲਚ, ਅਗਿਆਨਤਾ, ਹੰਕਾਰ ਅਤੇ ਈਰਖਾ ਕੱਢਣ ਦੀ ਕੋਸ਼ਿਸ਼ ਕਰੇ। ਦੂਜਾ ਪ੍ਰਸ਼ਨ ਪੰਡਿਤ ਬਾਰੇ ਹੈ ਜਿਸਨੂੰ ਬੁੱਧੀਮਾਨ ਦੱਸਿਆ ਗਿਆ ਹੈ। ਵੱਡਿਆਂ ਅਤੇ ਗੁਰੂਆਂ ਦੀ ਮਹੱਤਤਾ ਨੂੰ ਸਮਝਣ ਲਈ ਇਕ ਢੁੱਕਵਾਂ ਪ੍ਰਸ਼ਨ, ਨਾਕਾਰਾਤਮਿਕ ਪ੍ਰਸ਼ਨ ਹੈ ਕਿ ਜ਼ਹਿਰ ਕਿਸ ਨੂੰ ਕਹਿੰਦੇ ਹਨ? ਜ਼ਹਿਰ ਸ਼ਬਦ ਬਹੁਤ ਕਰੜਾ ਸ਼ਬਦ ਹੈ ਜਿਹਦੇ ਨਾਲ ਖਤਰਾ ਜੁੜਿਆ ਹੈ ਅਤੇ ਹਰ ਕੋਈ ਜਾਣਦਾ ਹੈ ਕਿ ਇਸ ਦਾ ਹਰ ਹਾਲਤ ਵਿੱਚ ਤਿਆਗ ਕਰਨਾ ਜਰੂਰੀ ਹੈ। ਇਸ ਦੇ ਉੱਤਰ ਵਿੱਚ ਆਚਾਰਿਆ ਦੱਸਦੇ ਹਨ ਕਿ ਗੁਰੂਆਂ ਦਾ ਨਿਰਾਦਰ ਹੀ ਅਸਲ ਵਿੱਚ ਜ਼ਹਿਰ ਹੈ। ਇਸ ਦੇ ਉਲਟ ਵਾਲਾ ਸ਼ਬਦ ਆਦਰ ਹੀ ਇਸ ਉੱਤਰ ਦੀ ਮਹੱਤਤਾ ਦਾ ਪ੍ਰਤੀਕ ਹੈ॥3॥

किं मनुजेषु इष्टतमम्   स्वपरहिताय उद्यतं जन्म ।
के च दस्यवो विषयाः   को वैरी यस्त्वनुद्योगः ॥४॥

ਕਿੰਮ ਮਨੁਜੇਸ਼ ਵਿਸ਼ਟਾਤਮਮ? ਸਵੇ-ਪਰ ਹਿਤਾਯੋਦੰਤਮ ਜਨਮ?

ਕੇ ਚਦਸਉਵੋ? ਵਿਸ਼ਾ ਕੋ ਵੈਰੀ ਯਤਸਵ-ਅਨੁਦਿਉਗਾਹ। ॥4॥

ਪ੍ਰਸ਼ਨ: ਮਨੁੱਖਾਂ ਨੂੰ ਕਿਹੜੀ ਚੀਜ ਪਿਆਰੀ ਲਗਦੀ ਹੈ।

ਉੱਤਰ: ਮਨੁੱਖਾਂ ਨੂੰ ਉਹ ਜੀਵਨ ਪਿਆਰਾ ਲਗਦਾ ਹੈ ਜਿਸ ਵਿੱਚ ਉਸ ਨੂੰ ਅਤੇ ਬਾਕੀ ਸਾਰਿਆਂ ਨੂੰ ਖੁਸ਼ੀ ਮਿਲੇ

ਪ੍ਰਸ਼ਨ: ਚੋਰ ਕੋਣ ਹੁੰਦਾ ਹੈ?

ਉੱਤਰ: ਇੰਦਰੀਆਂ ਦੇ ਭੋਗ ਵਿਲਾਸ

ਪ੍ਰਸ਼ਨ: ਦੁਸ਼ਮਣ ਕੋਣ ਹੁੰਦਾ ਹੈ?

ਉੱਤਰ: ਦੁਸ਼ਮਣ ਉਹ ਹੈ ਜਿਹੜਾ ਕੋਈ ਕੰਮ ਨਹੀਂ ਕਰਦਾ

ਇਹ ਸ਼ਲੋਕ ਉੱਚੀ ਫਿਲਾਸਫੀ ਦਾ ਹੈ ਪਰ ਇਸ ਨੂੰ ਅਭਿਆਸ ਵਿੱਚ ਲਿਆਇਆ ਜਾ ਸਕਦਾ ਹੈ।ਜੀਵਨ ਦਾ ਡੂੰਘਾ ਅਰਥ ਲੈਂਦੇ ਹੋਏ, ਇਸ ਵਿੱਚ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਹੈ ਕਿ ਮਨੁੱਖ ਆਪਣੇ ਲਈ ਖੁਸ਼ੀਆਂ ਅਤੇ ਮੌਜ-ਮਸਤੀਆਂ ਚਾਹੁੰਦਾ ਹੈ।ਇਹ ਗੱਲ, ਸਾਰੇ ਸੰਸਾਰ ਦੇ ਲੋਕਾਂ ਉੱਤੇ ਢੁੱਕਦੀ ਹੈ ਅਤੇ ਇਸ ਵਿੱਚ ਕੋਈ ਗਲਤੀ ਨਹੀਂ ਹੈ।ਪਰ ਆਪਣੇ ਆਪ ਦੀ ਮੌਜ ਲਈ ਦੂਜਿਆਂ ਦੀ ਮਦਦ ਕਰਨਾ ਜਰੂਰੀ ਹੈ।ਹਰ ਮਨੁੱਖ ਆਪਣੇ ਜੀਣ ਲਈ ਕੋਈ ਨਾ ਕਈ ਢੰਗ ਲੱਭ ਲੈਂਦਾ ਹੈ।ਪਰ ਜਿਹੜਾ ਮਨੁੱਖ ਦੂਜਿਆਂ ਦੀ ਮਦਦ ਕਰਦਾ ਹੈ, ਉਸ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ।ਭਗਵਾਨ ਸ਼੍ਰੀ ਸਤਿਆ ਸਾਈ ਬਾਬਾ ਦੇ ਇਹ ਕਥਨ ਕਿ ਹਮੇਸ਼ਾ ਸਾਰਿਆਂ ਦੀ ਮਦਦ ਕਰੋ, ਅਤੇ ਕਿਸੇ ਦਾ ਮਨ ਨਾ ਦੁਖਾਓ ਅਤੇ ਸਾਰਿਆਂ ਨਾਲ ਪਿਆਰ ਕਰੋ ਅਤੇ

ਸਾਰਿਆਂ ਦੀ ਸੇਵਾ ਕਰੋ ਉੱਤੇ ਸਿੱਖਿਆ ਦਿੱਤੀ ਅਤੇ ਇਸ ਨੂੰ ਜੀਵਨ ਦਾ ਆਧਾਰ ਵੀ ਬਣਾਇਆ। ਇਹ ਤਾਂ ਹੀ ਸੰਭਵ ਹੈ ਜਦ ਮਨੁੱਖ ਨੂੰ ਅਹਿਸਾਸ ਹੁੰਦਾ ਹੈ ਕਿ ਇਸ ਸੰਸਾਰ ਵਿੱਚ ਕੁੱਝ ਵੀ ਸਥਾਈ ਨਹੀਂ ਹੈ। ਸਾਰੇ ਮਨੁੱਖ ਖੁਸ਼ੀਆਂ ਭਾਲਦੇ ਹਨ। ਆਚਾਰਿਆ, ਇਸ ਪ੍ਰਸ਼ਨ ਦਾ ਉੱਤਰ ਦਿੰਦੇ ਹਨ ਕਿ ਜੀਵਨ, ਜਿਹੜਾ ਹਰ ਇਕ ਨੂੰ ਖੁਸ਼ੀਆਂ ਦੇਵੇ, ਉਹ ਜੀਵਨ ਹੈ ਜਿਸ ਨੂੰ ਹਰ ਕੋਈ ਪਿਆਰ ਕਰਦਾ ਹੈ। ਇਹੀ ਵਿਚਾਰ, ਮਹਾਭਾਰਤ ਦੇ ਸੰਦੇਸ਼ਾਂ ਤੋਂ ਮਿਲਦੇ ਹਨ। ਮਹਾਭਾਰਤ ਦਾ ਸੰਦੇਸ਼ ਹੈ ਕਿ ਦੂਜਿਆਂ ਦੀ ਮਦਦ ਕਰਨ ਨਾਲ ਪੁੰਨ ਪ੍ਰਾਪਤ ਹੁੰਦਾ ਹੈ ਅਤੇ ਦੂਜਿਆਂ ਨੂੰ ਨੁਕਸਾਨ ਪਹੁੰਚਾਣਾ ਪਾਪ ਹੁੰਦਾ ਹੈ।

ਇਸ ਤੋਂ ਬਾਅਦ, ਇਕ ਹੋਰ ਸਪੱਸ਼ਟ ਪ੍ਰਸ਼ਨ ਇਹ ਹੈ ਕਿ ਚੋਰ ਕੋਣ ਹੁੰਦੇ ਹਨ? ਇਸ ਦਾ ਉੱਤਰ ਹੈ ਕਿ ਇੰਦਰੀਆਂ ਦਾ ਭੋਗ ਵਿਲਾਸ ਮਨੁੱਖ ਨੂੰ ਕਈ ਚੀਜਾਂ ਤੋਂ ਬੰਚਿਤ ਕਰ ਦਿੰਦਾ ਹੈ। ਇਹ ਵਾਸਨਾਵਾਂ ਮਨੁੱਖ ਦੇ ਵਿਵੇਕ ਉੱਤੇ ਹਾਵੀ ਹੋ ਜਾਂਦੀਆਂ ਹਨ ਅਤੇ ਮਨ ਵਿੱਚ ਉਥਲ ਪੁਥਲ ਮਚਾ ਦਿੰਦੀਆਂ ਹਨ। ਜਿਸ ਤਰ੍ਹਾਂ ਇਕ ਚੋਰ ਤੁਹਾਨੂੰ ਤੁਹਾਡੀਆਂ ਕੀਮਤੀ ਚੀਜਾਂ ਤੋਂ ਬੰਚਿਤ ਕਰ ਦਿੰਦਾ ਹੈ ਉਸੇ ਤਰ੍ਹਾਂ ਇੰਦਰੀਆਂ ਦਾ ਭੋਗ ਵਿਲਾਸ ਤੁਹਾਨੂੰ ਚੰਗੇ ਗੁਣਾਂ ਤੋਂ ਵਾਂਝਿਆ ਕਰ ਦਿੰਦਾ ਹੈ। ਇੰਦਰੀਆਂ ਦੀ ਖੁਸ਼ੀ ਵਿੱਚ ਸੁੰਦਰਤਾ ਜਾਂ ਰੂਪ, ਸ਼ਬਦ, ਬੂ, ਸਵਾਦ ਅਤੇ ਛੁਣਾਪਨ ਆਉਂਦੇ ਹਨ। ਜੀਵਨ ਦੀ ਤੁਲਨਾ ਇਕ ਘਸਰ ਕੇ ਤੁਰਨ ਵਾਲੇ ਜੀਵ ਨਾਲ ਕੀਤੀ ਜਾਂਦੀ ਹੈ, ਜਿਸ ਜੀਵ ਦਾ ਮੂਲ, ਇੱਛਾ ਹੈ ।ਘਸਰ ਕੇ ਚਲਣ ਵਾਲੇ ਜੀਵ ਨੂੰ ਵੱਡਾ ਹੋਣ ਲਈ, ਸਹਾਰੇ

ਦੀ ਜਰੂਰਤ ਹੁੰਦੀ ਹੈ ਅਤੇ ਉਹ ਉਸੇ ਰਸਤੇ ਉੱਤੇ ਵੱਧਦਾ ਰਹਿੰਦਾ ਹੈ।ਉਸੇ ਤਰ੍ਹਾਂ ਮਨੁੱਖ ਦੇ ਜੀਵਨ ਦਾ ਲਗਾਤਾਰ ਸਹਾਰਾ ਉਸ ਦੀ ਇੱਛਾਵਾਂ ਹਨ।

ਇਸ ਪ੍ਰਸ਼ਨ ਦਾ ਉੱਤਰ ਪੁੱਛਣ ਤੇ ਕਿ ਦੁਸ਼ਮਣ ਕਿਸ ਨੂੰ ਕਹਿੰਦੇ ਹਨ, ਆਚਾਰਿਆ ਨੇ ਉੱਤਰ ਦਿੱਤਾ ਕਿ ਜਿਹੜਾ ਮਨੁੱਖ, ਬਿਨਾਂ ਕੰਮ ਤੋਂ ਹੈ, ਉਹ ਦੁਸ਼ਮਣ ਕਹਾਉਂਦਾ ਹੈ।ਮਨੁੱਖ ਇਕ ਪਲ ਵੀ ਕਰਮ ਕੀਤੇ ਬਿਨਾਂ ਨਹੀਂ ਰਹਿੰਦਾ।ਜੇ ਉਹ ਸਾਰੀਰਕ ਕਰਮ ਨਹੀਂ ਕਰਦਾ ਤਾਂ ਵੀ ਉਸ ਦਾ ਮਨ ਹਮੇਸ਼ਾ ਕੰਮ ਕਰਦਾ ਹੀ ਰਹਿੰਦਾ ਹੈ।98% ਲੋਕ ਜੀਣ ਲਈ ਕਰਮ ਕਰਦੇ ਹਨ।ਬਾਕੀ ਬਚੇ 2% ਲੋਕ ਦੋਲਤਮੰਦ ਹੁੰਦੇ ਹਨ।ਇਕ ਖਾਲੀ ਮਨ, ਸ਼ੈਤਾਨ ਦਾ ਘਰ ਹੁੰਦਾ ਹੈ।ਇਸ ਲਈ ਵੱਡਾ ਦੁਸ਼ਮਣ ਉਹ ਹੈ ਜਿਹਦੇ ਕੋਲ ਕਰਨ ਲਈ ਕੋਈ ਵੀ ਕੰਮ ਨਹੀਂ ਹੁੰਦਾ ॥4॥

कस्माद् भयमिह मरणात् अन्धादिह को विशिष्यते रागी।
किं दुःखमसन्तोषः किं लाघवमधमतो यांचा ॥५॥

ਕਸਮਾਦਭੈਮਿਹ ? ਮਰਣਤ, ਅੰਧਾਦ-ਇਹ ਕੋਵਸ਼ਿਸ਼ਇਤੇ?
ਰਾਗੀਕਿੰਮ ਦੁਖਮ ? ਅਸੰਤੋਸ਼ਾ ਕਿੰਮ ਲਾਘਵਮ?ਅਧੰਮਤੋ
ਯਾਚਿਆ॥5॥

ਪ੍ਰਸ਼ਨ: ਕਿਹੜੀ ਚੀਜ ਖਤਰਾ ਪੈਦਾ ਕਰਦੀ ਹੈ?
ਉੱਤਰ: ਮੌਤ

ਪ੍ਰਸ਼ਨ: ਅੰਧੇ ਤੋਂ ਵੀ ਜਿਆਦਾ ਅੰਧਾ ਕੌਣ ਹੈ?

ਉੱਤਰ: ਉਹ ਮਨੁੱਖ ਜਿਹੜਾ ਅੱਗ-ਬਗੋਲਾ ਹੈ ਜਾਂ ਗੁੱਸੇ ਵਿੱਚ ਅੰਨ੍ਹਾ ਹੋਇਆ ਹੈ।

ਪ੍ਰਸ਼ਨ: ਮੁਸੀਬਤ ਕਿਸ ਨੂੰ ਕਹਿੰਦੇ ਹਨ?

ਉੱਤਰ: ਸ਼ਾਂਤੀ ਦੇ ਨਾ ਹੋਣ ਨੂੰ, ਮੁਸੀਬਤ ਕਹਿੰਦੇ ਹਨ।

ਪ੍ਰਸ਼ਨ: ਸਤਿਕਾਰ ਦੇ ਖੋ ਜਾਣ ਦਾ ਕੀ ਕਾਰਣ ਹੈ?

ਉੱਤਰ: ਨੀਚ ਜਾਂ ਬੁਰੇ ਲੋਕਾਂ ਤੋਂ ਕੁੱਝ ਮੰਗ ਕਰਨੀ।

ਭਾਵੇਂ ਸਾਰੇ ਜੀਵ ਆਪਣੇ ਜੀਵਨ ਨੂੰ ਮਹੱਤਤਾ ਦਿੰਦੇ ਹਨ ਅਤੇ ਉਸ ਦਾ ਆਨੰਦ ਮਾਣਦੇ ਹਨ ਪਰ ਇਸ ਦੇ ਨਾਲ ਨਾਲ ਮੌਤ ਦਾ ਡਰ, ਇਕ ਲੁਕਿਆ ਹੋਇਆ ਡਰ ਹੈ।ਮਹਾਭਾਰਤ ਦੇ ਅੰਤ ਵਿੱਚ ਯਕਸ਼ ਨੇ ਯੁਧਿਸ਼ਟਰ ਨੂੰ ਪ੍ਰਸ਼ਨ ਕੀਤਾ ਕਿ ਜੀਵਨ ਵਿੱਚ ਸਾਰਿਆਂ ਤੋਂ ਜਿਆਦਾ ਹੈਰਾਨ ਕਰਨ ਵਾਲੀ ਕਿਹੜੀ ਚੀਜ ਹੈ? ਯੁਧਿਸ਼ਟਰ ਨੇ ਜਵਾਬ ਦਿੱਤਾ ਕਿ ਭਾਵੇਂ ਅਸੀਂ ਆਪਣੇ ਇਰਦ ਗਿਰਦ ਮੌਤ ਨੂੰ ਵੇਖਦੇ ਹਾਂ ਪਰ ਅਸੀਂ ਭੁੱਲ ਜਾਂਦੇ ਹਾਂ ਕਿ ਸਾਨੂੰ ਵੀ ਕਿਸੇ ਦਿਨ ਮੌਤ ਆਉਣੀ ਹੈ।ਪਰ ਜਦੋਂ ਮੌਤ ਨੂੰ ਯਾਦ ਕਰਦੇ ਹਾਂ ਤਾਂ ਸਾਨੂੰ ਡਰ ਲਗਦਾ ਹੈ।ਗੁੱਸੇ ਦੀ ਮਹੱਤਤਾ ਅਤੇ ਉਸ ਦੇ ਵਿਨਾਸ਼ਕਾਰੀ ਪ੍ਰਭਾਵ ਨੂੰ ਅਸੀਂ ਜਾਣਦੇ ਹਾਂ।ਇਸ ਗੱਲ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਗੁੱਸੇ ਉੱਤੇ ਝੱਟ ਕਾਬੂ ਪਾਉਣਾ ਚਾਹੀਦਾ ਹੈ।ਆਚਾਰਿਆ ਕਹਿੰਦੇ ਹਨ ਕਿ ਜਿਹੜਾ ਮਨੁੱਖ ਗੁੱਸੇ ਵਿੱਚ ਹੁੰਦਾ ਹੈ ਉਹ ਇੱਕ ਅੰਨ੍ਹੇ ਮਨੁੱਖ ਤੋਂ ਜਿਆਦਾ ਅੰਨ੍ਹਾ ਹੁੰਦਾ ਹੈ।ਦੂਜੇ ਸ਼ਬਦਾਂ ਵਿੱਚ ਗੁੱਸਾ ਮਨੁੱਖ ਦੀ ਅੱਧਿਆਤਮਿਕਤਾ ਦੀ ਤਰੱਕੀ

ਨੂੰ ਰੋਕਦਾ ਹੈ। ਮਨੁੱਖ ਦੀ ਅੰਦਰਲੀ ਅੱਖ ਉਨੀ ਦੇਰ ਤਾਈਂ ਨਹੀਂ ਖੁਲਦੀ ਜਦ ਤਾਈਂ ਉਸ ਦੀ ਬਾਹਰਲੀ ਅੱਖ, ਗੁੱਸੇ ਕਾਰਣ ਬੰਦ ਰਹਿੰਦੀ ਹੈ। ਇਸ ਲਈ ਗੁੱਸੇ ਤੋਂ ਹਮੇਸ਼ਾ ਦੂਰ ਰਹੋ।

ਸੋਗ ਦਾ ਸਾਧਾਰਣ ਅਰਥ ਹੈ ਸ਼ਾਂਤੀ ਦਾ ਨਾ ਹੋਣਾ। ਇਸ ਬਾਰੇ ਆਚਾਰਿਆ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਆਪਣੇ ਬੁਰੇ ਗੁਣਾਂ ਉੱਤੇ ਕਾਬੂ ਪਾਉਣ ਤੇ ਹੀ ਸ਼ਾਂਤੀ ਸੰਭਵ ਹੈ। ਜਿਹੜਾ ਮਨੁੱਖ ਆਪਣੇ ਅਵਗੁੱਣਾਂ ਉੱਤੇ ਕਾਬੂ ਪਾ ਲੈਂਦਾ ਹੈ ਉਸ ਨੂੰ ਕਦੇ ਵੀ ਉਦਾਸੀ ਨਹੀਂ ਆਉਂਦੀ। ਇੱਛਾਵਾਂ ਉੱਤੇ ਕਾਬੂ ਪਾਉਣਾ ਬਹੁਤ ਜਰੂਰੀ ਹੈ। ਇੱਛਾਵਾਂ ਉੱਤੇ ਕਾਬੂ ਪਾਉਣ ਦਾ ਅਭਿਆਸ , ਆਪਣੇ ਵਿੱਚ ਸਬਰ ਰੱਖ ਕੇ ਕਰੋ। ਇਸ ਲਈ ਇਕ ਸ਼ਾਂਤਮਈ ਜੀਵਨ ਤਾਂ ਹੀ ਹੋਵੇਗਾ ਜੇ ਤੁਹਾਡੇ ਅੰਦਰ ਸਬਰ ਤੇ ਖੁਸ਼ੀ ਹੋਵੇਗੀ। ਫਿਰ ਤੁਹਾਨੂੰ ਉਦਾਸੀ ਤੰਗ ਨਹੀਂ ਕਰੇਗੀ।

ਇਸ ਸ਼ਲੋਕ ਦੀ ਅੰਤਿਮ ਪੰਗਤੀਆਂ ਦਾ ਅਰਥ ਹੈ ਕਿ ਮਨੁੱਖ ਆਪਣੀ ਇੱਜਤ, ਪਦਵੀ ਅਤੇ ਸ਼ਾਨ ਤਾਂ ਹੀ ਬਣਾ ਕੇ ਰੱਖ ਸਕਦਾ ਹੈ ਜੇ ਉਹ ਕਿਸੇ ਵੀ ਹਾਲਤ ਵਿੱਚ, ਨੀਚ ਜਾਂ ਬੁਰੇ ਮਨੁੱਖ ਤੋਂ ਕੋਈ ਵੀ ਚੀਜ ਨਹੀਂ ਮੰਗਦਾ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਚੰਗਾ ਵਰਤਾਉ ਕਰ ਕੇ ਆਪਣੀ ਇਜੱਤ ਬਣਾ ਕੇ ਰੱਖੇ॥5॥

पातुं कर्णाञ्जलिभिः किम् अमृतमिह युज्यते सदुपदेशः ।
किं गुरुताया मूलं यदेतदप्रार्थनं नाम ॥६॥

ਪਾਤ੍ਰਮ ਕਰਨਾਨਜਲੀਭਿਹੀ ਕ੍ਰਿਮਮਿਤਿਮਹ ਕਿੰਮ ਸਦੁਪਦੇਸ਼ਹ
ਕਿੰਮ ਗੁਰੂਤਿਆ ਮੂਲਮ?ਯਦੇਤਦ ਪ੍ਰਾਰਥਨਮ ਨਾਮ॥6॥

ਇੰਦਰੀਆਂ ਦੇ ਸਾਰੇ ਅੰਗਾਂ ਦੀ ਦਿਸ਼ਾ ਮਨ ਵਲ ਹੈ।ਅੰਗਰੇਜੀ ਦੀ ਇਕ ਪੁਰਾਣੀ ਕਹਾਵਤ ਹੈ , ਬੁਰਾ ਨਾ ਵੇਖੋ, ਬੁਰਾ ਨਾ ਸੁਣੋ ਅਤੇ ਬੁਰਾ ਨਾ ਕਰੋ।ਚੰਗੀਆਂ ਚੀਜਾਂ ਸੁਨਣ ਤੇ ਜ਼ੋਰ ਦਿਓ।ਕੰਨਾਂ ਨੂੰ ਕੱਪ ਵਰਗੇ ਹੱਥ ਮੰਨੋ ਅਤੇ ਚੰਗੀ ਨਸੀਹਤ ਨੂੰ ਸੁਣੋ।ਯਯੁਰ ਵੇਦ ਤੋਂ ਲਏ ਸੂਰੀਉਪਨਸ਼ਿਦ ਦੇ ਪਹਿਲੇ ਸ਼ਲੋਕ ਦਾ ਵੀ ਇਹੀ ਅਰਥ ਹੈ ਕਿ ਭਗਵਾਨ ਕਰੇ ਮੇਰੇ ਕੰਨ ਚੰਗੀਆਂ ਚੀਜਾਂ ਹੀ ਸੁਨਣ।ਇਕ ਚੰਗੀ ਨਸੀਹਤ, ਦੂਜਿਆਂ ਲਈ ਹਮੇਸ਼ਾ ਲਾਭਦਾਇਕ ਹੁੰਦੀ ਹੈ।

ਦੂਜੇ ਪਹਿਰੇ ਤੋਂ ਸਾਨੂੰ ਮਹਾਨਤਾ ਬਾਰੇ ਪਤਾ ਲਗਦਾ ਹੈ।ਇਕ ਮਹਾਨ ਮਨੁੱਖ, ਕਿਹੜੀ ਚੀਜ ਕਦੇ ਨਹੀਂ ਕਰਦਾ? ਉਹ ਕਿਸੇ ਤੋਂ ਕੋਈ ਚੀਜ ਨਹੀਂ ਮੰਗਦਾ।ਭਾਵੇਂ ਇਹ ਸੰਸਾਰੀ ਜੀਵਨ ਵਿੱਚ ਲੈਣਾ ਦੇਣਾ ਆਮ ਗੱਲ ਹੈ ਪਰ ਸੰਸਾਰ ਉਨ੍ਹਾਂ ਲੋਕਾਂ ਨੂੰ ਕਿਨਾਰੇ ਰੱਖਦਾ ਹੈ ਜਿਹੜੇ ਲੋਕਾਂ ਤੋਂ ਮੰਗ ਕਰਦੇ ਹਨ।ਇਸ ਲਈ, ਇਸ ਤਰ੍ਹਾਂ ਦਾ ਜੀਵਨ ਬਤੀਤ ਕਰੋ, ਜਿਸ ਵਿੱਚ ਕਿਸੇ ਤੋਂ ਕੋਈ ਚੀਜ ਨਾ ਮੰਗੋ।ਭਗਵਾਨ ਨੇ ਤੁਹਾਨੂੰ ਜੋ ਕੁੱਝ ਦਿੱਤਾ ਹੈ, ਉਸ ਵਿੱਚ ਗੁਜਾਰਾ ਕਰੋ, ਆਤਮ ਨਿਰਭਰ ਅਤੇ ਖੁਸ਼ ਰਹੋ॥6॥

किं जीवितमनवद्यं   किं जाड्यं पाठतोऽप्यनभ्यासः ।
को जागर्ति विवेकी   का निद्रा मूढता जन्तोः ॥७॥

ਕਿੰਮ ਜੀਵਤਮ ? ਅਨਵਦੰਮ ਕਿੰਮ ਯਾਡਿਅਮ ਪਠੋਤਪੇਅਨਮ-
ਅਭਿਆਸਕੋ
ਜਾਗ੍ਰਿਤੀ ਵਿਵੇਕੀ ਕਾ ਨਿੱਦ੍ਰਾ ਮੂੜ੍ਹਤਾ ਜੰਤੋ॥7॥

ਪ੍ਰਸ਼ਨ: ਆਦਰਸ਼ ਜੀਵਨ ਕਿਸ ਨੂੰ ਕਹਿੰਦੇ ਹਨ?
ਉੱਤਰ: ਬਿਨਾਂ ਦਾਗ ਵਾਲੇ ਜੀਵਨ ਨੂੰ
ਪ੍ਰਸ਼ਨ: ਆਲਸਪਨ ਕਿਸ ਨੂੰ ਕਹਿੰਦੇ ਹਨ?
ਉੱਤਰ: ਆਲਸੀ ਉਹ ਹੈ ਜਿਹੜਾ ਪੜ੍ਹੇ ਹੋਏ ਸਬਕ ਨੂੰ ਦੋਹਰਾ ਕੇ ਯਾਦ ਨਹੀਂ ਕਰਦਾ
ਪ੍ਰਸ਼ਨ: ਅਸਲ ਵਿੱਚ ਜਾਗਰੂਪਤਾ ਕਿਸ ਨੂੰ ਕਹਿੰਦੇ ਹਨ?
ਉੱਤਰ: ਉਹ ਮਨੁੱਖ, ਜਿਸ ਨੂੰ ਹਰ ਤਰ੍ਹਾਂ ਦਾ ਗਿਆਨ ਹੋਵੇ
ਪ੍ਰਸ਼ਨ: ਸੌਣਾ ਕੀ ਹੁੰਦਾ ਹੈ?
ਉੱਤਰ: ਪਸ਼ੂਆਂ ਦੀ ਤਰ੍ਹਾਂ ਗੁੰਗੇ ਨੂੰ ਸੌਣਾ (ਨੀਂਦ ਵਿੱਚ ਹੋਣਾ) ਕਹਿੰਦੇ ਹਨ।

ਇਸ ਸ਼ਲੋਕ ਤੋਂ, ਦਿਨ ਪ੍ਰਤਿ ਦਿਨ ਦੇ ਜੀਵਨ ਨੂੰ ਬਿਤਾਉਣ ਦੇ ਕੁੱਝ ਆਮ ਢੰਗਾਂ ਦਾ ਪਤਾ ਲਗਦਾ ਹੈ।ਆਦਰਸ਼ ਜੀਵਨ ਕੀ ਹੁੰਦਾ ਹੈ? ਆਦਰਸ਼ ਜੀਵਨ ਉਹ ਹੁੰਦਾ ਹੈ ਜਿਸ ਵਿੱਚ ਮਨੁਖ ਦੇ ਜੀਵਨ ਉੱਤੇ ਕੋਈ ਦਾਗ ਨਾ ਲੱਗੇ।ਮਨੁੱਖਤਾ ਦੀ ਸੇਵਾ ਹੀ, ਭਗਵਾਨ ਦੀ ਸੇਵਾ ਹੈ।ਦੂਜਿਆਂ ਦੀ ਸੇਵਾ ਕਰਨਾ ਪੁੱਨ ਹੈ ਅਤੇ ਦੂਜਿਆਂ ਦਾ ਦਿਲ ਦੁਖਾਉਣਾ, ਪਾਪ ਹੈ।ਇਹੀ ਆਦਰਸ਼ ਜੀਵਨ ਹੈ।ਦਿਲ ਨੂੰ ਦੁਖਾਉਣ ਦਾ ਅਰਥ ਕੇਵਲ ਸਾਰੀਰਕ ਕਸ਼ਟ ਤਾਈਂ ਸੀਮਿਤ ਨਹੀਂ ਹੈ ਪਰ

ਹਮੇਸ਼ਾ ਚੰਗਾ ਭਾਸ਼ਣ ਦਓ ਅਤੇ ਚੰਗੇ ਸ਼ਬਦਾਂ ਦਾ ਪ੍ਰਯੋਗ ਕਰੋ। ਸੱਚ ਅਤੇ ਮਿੱਠਾ ਬੋਲੋ। ਜੇ ਸੱਚ ਬੋਲਣ ਨਾਲ ਕੋਈ ਮੁਸੀਬਤ ਖੜ੍ਹੀ ਹੁੰਦੀ ਹੈ ਤਾਂ ਉੱਥੇ ਚੁੱਪ ਰਹੋ। ਕਦੇ ਵੀ ਝੂਠ ਨਾ ਬੋਲੋ ਭਾਵੇਂ ਝੂਠ ਬੋਲਣ ਨਾਲ ਕਿਸੇ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੋਵੇ। ਇਹੀ ਭਾਰਤ ਦੀ ਪੁਰਾਣੀ ਸੱਭਿਅਤਾ ਹੈ। ਜਿਹੜੇ ਮਨੁੱਖ ਨੂੰ ਆਪਣੀ ਬੋਲੀ ਉੱਤੇ ਸੰਜਮ (ਕਾਬੂ ਕਰਨਾ) ਹੈ, ਇਸ ਤਰ੍ਹਾਂ ਦੇ ਮਨੁੱਖ ਨੂੰ ਲੋਕ ਇਹ ਕਹਿੰਦੇ ਹਨ ਕਿ ਇਹ ਬਹੁਤ ਸੋਚ ਸਮਝ ਕੇ ਬੋਲਣ ਵਾਲਾ ਹੈ ਅਤੇ ਇਹ ਬਹੁਤ ਔਖਾ ਕੰਮ ਹੈ। ਦੂਜਿਆਂ ਨੂੰ ਬਿਨਾਂ ਦੁੱਖ ਦਿੱਤੇ ਜੀਵਨ ਬਿਤਾਉਣ ਵਾਲੇ ਦਾ ਜੀਵਨ, ਆਦਰਸ਼ ਜੀਵਨ ਹੈ। ਸੁਸਤੀ ਨਾਲ ਜੀਵਨ ਬਿਤਾਉਣ ਵਾਲੇ ਦੀ ਵਿਸ਼ੇਸ਼ਤਾਵਾਂ ਨੂੰ ਵਿਦਿਆਰਥੀ ਦੀ ਉਦਾਹਰਣ ਲੈ ਕੇ ਸਮਝਾਇਆ ਗਿਆ ਹੈ। ਜਿਹੜਾ ਵਿਦਿਆਰਥੀ, ਪੜ੍ਹਾਏ ਹੋਏ ਸਬਕ ਨੂੰ ਨਹੀਂ ਦੁਹਰਾਉਂਦਾ ਉਸ ਨੂੰ ਸੁਸਤ ਵਿਦਿਆਰਥੀ ਕਹਿੰਦੇ ਹਨ। ਕਿਹਾ ਜਾਂਦਾ ਹੈ ਕਿ ਜਿਹੜੇ ਮਨੁੱਖ ਕੋਲ ਗਿਆਨ ਨਹੀਂ ਹੈ, ਉਹ ਪਸ਼ੂ ਸਮਾਨ ਹੈ। ਬਿਨਾਂ ਅਭਿਆਸ ਕੀਤੇ ਸ਼ਾਸਤਰਾਂ ਨੂੰ ਸਿੱਖਣਾ ਇਸ ਤਰ੍ਹਾਂ ਦਾ ਜਹਿਰ ਹੈ ਜਿਵੇਂ ਨਾ ਪਚਿਆ ਹੋਇਆ ਭੋਜਨ ਜ਼ਹਿਰ ਹੈ। ਹਰ ਇਕ ਨੂੰ ਸੁਸਤੀ ਛੱਡਣੀ ਚਾਹੀਦੀ ਹੈ ਅਤੇ ਜੋ ਸਿੱਖਿਆ ਹੈ, ਉਸ ਦਾ ਅੱਭਿਆਸ ਕਰਨਾ ਚਾਹੀਦਾ ਹੈ।

ਇਕ ਹੋਰ ਫਿਲਾਸਫੀ ਦਾ ਪ੍ਰਸ਼ਨ ਕਿ ਕੌਣ ਜਾਗਦਾ ਹੈ, ਇਸ ਦਾ ਇਹ ਅਰਥ ਨਹੀਂ ਕਿ ਜਿਹੜਾ ਸੁੱਤਾ ਨਹੀਂ ਹੈ, ਉਸ ਨੂੰ ਜਾਗਦਾ ਕਹਿੰਦੇ ਹਨ ਪਰ ਇਸ ਦਾ ਅਰਥ ਹੈ ਉਹ ਮਨੁੱਖ ਜਿਸ ਨੂੰ ਹਰ ਚੀਜ

ਦਾ ਗਿਆਨ ਹੋਵੇ। ਜਾਗਦੇ ਸ਼ਬਦਾਂ ਦਾ ਸੰਬੰਧ, ਭੌਤਿਕ ਰੂਪ ਵਿੱਚ ਨਹੀਂ ਹੁੰਦਾ ਪਰ ਇਹ ਮਨ ਦੀ ਅੱਖ ਨਾਲ ਸੰਬੰਧ ਰੱਖਦਾ ਹੈ। ਇਸੇ ਗਲ ਨੂੰ ਭਾਗਵਤ ਗੀਤਾ ਵਿੱਚ ਇਸ ਤਰ੍ਹਾਂ ਕਿਹਾ ਗਿਆ ਹੈ ਕਿ ਸਾਰੇ ਜੀਵਾਂ ਵਿੱਚ ਜਿਹੜੇ ਜੀਵ ਰਾਤ ਦਾ ਅਨੁਭਵ ਕਰਦੇ ਹਨ ਇਕ ਗਿਆਨੀ, ਜਾਗਦਾ ਹੈ। ਉਹ ਗਿਆਨੀ ਬਾਕੀ ਸਾਰੇ ਸੰਸਾਰ ਤੋਂ ਭਿੱਨ ਹੁੰਦਾ ਹੈ।

ਇਹ ਪ੍ਰਸ਼ਨ ਕਿ ਸਾਨੂੰ ਕੀ ਨਹੀਂ ਬਨਣਾ ਚਾਹੀਦਾ, ਉਸ ਦੇ ਉੱਤਰ ਵਿੱਚ ਆਚਾਰਿਆ ਇਕ ਮਿਸਾਲ ਦੇ ਕੇ ਕਹਿੰਦੇ ਹਨ ਕਿ ਸੌਣ ਦਾ ਅਰਥ ਹੈ, ਇਕ ਗੁੰਗਾ ਪਸ਼ੂ ਹੋਣਾ। ਮਿਸਾਲ ਦਾ ਅਰਥ ਇਹ ਨਹੀਂ ਹੈ ਕਿ ਪਸ਼ੂ ਨੂੰ ਨੀਚਾ ਦਿਖਾਉਣਾ ਹੈ ਪਰ ਮਨੁੱਖ ਨੂੰ ਸੁਚੇਤ ਕਰਨਾ ਹੈ ਕਿ ਭਗਵਾਨ ਨੂੰ ਪ੍ਰਾਪਤ ਕਰਨ ਦੇ ਰਸਤੇ ਤੇ ਚਲੇ ਅਤੇ ਸੰਸਾਰ ਵਿੱਚ ਪਸ਼ੂਆਂ ਦੀ ਤਰ੍ਹਾਂ ਨਾ ਰਹੇ। ਗਿਆਨੀ ਲੋਕ ਆਪਣੀ ਬੁੱਧੀ ਦਾ ਪ੍ਰਯੋਗ ਕਰਦੇ ਹਨ ਅਤੇ ਹਮੇਸ਼ਾ ਸੁਚੇਤ ਰਹਿੰਦੇ ਹਨ। ਇਸ ਦਾ ਇਹ ਵੀ ਅਰਥ ਨਹੀਂ ਕਿ ਸੋਣ ਦੀ ਸਰੀਰਕ ਜਰੂਰਤ ਨੂੰ ਪੂਰੀ ਤਰ੍ਹਾਂ ਛੱਡ ਦਿੱਤਾ ਜਾਵੇ॥7॥

नलिनीदलगतजलवत्तरलं किं   यौवनं धनं चायुः ।
कोऽनर्थफलो मानः   का सुखदा साधुजनमैत्री ॥८॥

ਨਲਿਨੀਦਲ-ਗਤ-ਜਲਵਤਰਲਮ ਕਿੰਮ? ਯੌਵਨਮ ਧਨਮ ਚਾ-ਹੁਕੋ -
ਅਨਾਰਥਫਲੋ ? ਮਾਨਾ ਕਾ ਸੁਖਦਾ ? ਸ਼ਾਧੂਜਨ-ਮੈਤ੍ਰੀ॥8॥

ਪ੍ਰਸ਼ਨ: ਕਮਲ ਦੇ ਫੁੱਲ ਉੱਤੇ ਪਏ ਪਾਣੀ ਦੇ ਤੁਪਕੇ ਦੀ ਤਰ੍ਹਾਂ ਕਿਹੜੀ ਚੀਜ ਅਸਥਾਈ ਹੈ?

ਉੱਤਰ: ਜਵਾਨੀ ਦੀ ਉਮਰ ,ਦੌਲਤ ਅਤੇ ਲੰਮੀ ਉਮਰ।

ਪ੍ਰਸ਼ਨ: ਅਨਚਾਹੇ ਨਤੀਜੇ ਕਿਸ ਕਾਰਣ ਮਿਲਦੇ ਹਨ?

ਉੱਤਰ: ਹੰਕਾਰ ਕਾਰਣ

ਪ੍ਰਸ਼ਨ: ਕਿਸ ਕਾਰਣ ਮਨੁੱਖ ਨੂੰ ਸੁੱਖ ਮਿਲਦਾ ਹੈ?

ਉੱਤਰ: ਚੰਗੇ ਲੋਕਾਂ ਨਾਲ ਦੋਸਤੀ ਕਰਕੇ ਸੁੱਖ ਮਿਲਦਾ ਹੈ।

ਅੰਤਰ-ਨਿਰੀਖਣ ਕਰਨ ਲਈ ਧਿਆਨ ਦਉ।ਆਮ ਤੌਰ ਤੇ ਅਸੀਂ ਭੁੱਲ ਜਾਂਦੇ ਹਾਂ ਕਿ ਜਿਹੜੀ ਅਸਥਾਈ ਪਦਵੀ ਸਾਡੇ ਕੋਲ ਹੈ, ਉਹ ਅਸਲ ਵਿੱਚ ਅਸਥਾਈ ਹੀ ਹੈ।ਪ੍ਰਸ਼ਨ ਦੇ ਉੱਤਰ ਦੀ ਤੁਲਨਾ ਇਕ ਮਿਸਾਲ ਨਾਲ ਕੀਤੀ ਜਾ ਸਕਦੀ ਹੈ ਕਿ ਕਮਲ ਦੇ ਫੁੱਲ ਉੱਤੇ ਪਿਆ ਪਾਣੀ ਦਾ ਤੁਪਕਾ ਅਸਥਾਈ ਹੁੰਦਾ ਹੈ ਅਤੇ ਝੱਟ ਡਿੱਗ ਪੈਂਦਾ ਹੈ।ਪ੍ਰਸ਼ਨ ਦੇ ਉੱਤਰ ਦਾ ਸੰਬੰਧ ਹਰ ਮਨੁੱਖ ਦੇ ਤਿੱਨ ਖਜਾਨਿਆਂ ਨਾਲ ਸੰਬੰਧ ਰੱਖਦਾ ਹੈ ਅਤੇ ਉਹ ਖਜਾਨੇ ਹਨ, ਜਵਾਨੀ, ਧਨ ਦੌਲਤ ਅਤੇ ਲੰਮੀ ਉਮਰ, ਇਹ ਸਾਰੀਆਂ ਅਸਥਾਈ ਹਨ।ਪਾਣੀ ਦਾ ਤੁਪਕਾ ਜਿਹੜਾ ਕਮਲ ਦੇ ਫੁੱਲ ਤੇ ਹੁੰਦਾ ਹੈ_ਹ ਝੱਟ ਪੱਟ ਫੁਲ ਤੋਂ ਡਿੱਗ ਕੇ ਉਸ ਪਾਣੀ ਵਿੱਚ ਵਲੀਨ ਹੋ ਜਾਂਦਾ ਹੈ ਜਿਹੜੇ ਪਾਣੀ ਉੱਤੇ ਕਮਲ ਤੈਰ ਰਿਹਾ ਹੈ।ਉਸੇ ਤਰ੍ਹਾਂ ਜਵਾਨੀ, ਧਨ ਦੌਲਤ ਅਤੇ ਲੰਮੀ ਉਮਰ ਬਾਰੇ ਇੱਛਾ ਰੱਖਣਾ ਗਲਤ ਹੈ।

ਅਸੀਂ ਵੇਖਦੇ ਹਾਂ ਕਿ ਸਾਡਾ ਜੀਵਨ ਦਿਨ ਪ੍ਰਤੀ ਦਿਨ ਥੋੜਾ ਹੁੰਦਾ ਜਾਂਦਾ ਹੈ ਅਤੇ ਜਵਾਨੀ ਹੌਲੇ ਹੌਲੇ ਸਮਾਪਤ ਹੋ ਰਹੀ ਹੈ। ਜਿਹੜੇ ਦਿਨ ਚਲੇ ਗਏ, ਉਹ ਵਾਪਸ ਨਹੀਂ ਆਉਣਗੇ। ਸਮਾਂ, ਸੰਸਾਰ ਨੂੰ ਨਿਗਲ ਰਿਹਾ ਹੈ। ਧਨ, ਪਾਣੀ ਦੀਆਂ ਤਰੰਗਾਂ ਦੀ ਤਰ੍ਹਾਂ ਹੈ ਅਤੇ ਇਸ ਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ। ਬਿਜਲੀ ਦੇ ਲਸ਼ਕਾਰੇ ਦੀ ਤਰ੍ਹਾਂ, ਜੀਵਨ ਥੌੜੇ ਸਮੇਂ ਲਈ ਹੈ।

ਭਾਰਤ ਦੀ ਫਿਲਾਸਫੀ ਵਿੱਚ ਹੰਕਾਰ ਨੂੰ ਅਵਗੁਣ ਸਮਝਿਆ ਜਾਂਦਾ ਹੈ ਜਿਹੜਾ ਮਨੁੱਖ ਦੀ ਅੱਧਿਆਤਮਿਕ ਤਰੱਕੀ ਵਿੱਚ ਰੁਕਾਵਟ ਹੈ। ਹੰਕਾਰ ਤੋਂ ਉਲਟ ਵਾਲੇ ਗੁਣ ਨੂੰ ਹਲੀਮੀ ਕਹਿੰਦੇ ਹਨ। ਹੰਕਾਰ ਦੇ ਖਤਰਿਆਂ ਨੂੰ ਅਨਚਾਹੇ ਨਤੀਜਿਆਂ ਦਾ ਕਾਰਣ ਮੰਨਿਆ ਜਾਂਦਾ ਹੈ। ਭਾਵੇਂ ਇਹ ਨਤੀਜੇ ਭੌਤਿਕ ਹੋਣ ਜਾਂ ਅੱਧਿਆਤਮਿਕ। ਹੰਕਾਰ ਕਾਰਣ ਮਨੁੱਖ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਸਾਰਾ ਕੁੱਝ ਜਾਣਦਾ ਹੈ ਅਤੇ ਇਹੀ ਹੰਕਾਰ ਉਸ ਨੂੰ ਹੋਰ ਕੁੱਝ ਜਾਨਣ ਲਈ ਰੁਕਾਵਟ ਪਾਉਂਦਾ ਹੈ। ਆਮ ਤੌਰ ਤੇ ਅਸੀਂ ਮਹਾਨ ਲੋਕਾਂ ਤੋਂ ਸੁਣਦੇ ਹਾਂ ਕਿ ਉਨ੍ਹਾਂ ਨੂੰ ਬਹੁਤ ਥੌੜਾ ਗਿਆਨ ਹੈ ਅਤੇ ਉਹ ਹੋਰ ਗਿਆਨ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ ਭਾਵੇਂ ਇਸ ਤਰ੍ਹਾਂ ਦੇ ਲੋਕਾਂ ਦੀ ਸਮਾਜ ਵਿੱਚ ਗਿਣਤੀ ਘੱਟ ਰਹੀ ਹੈ ਪਰ ਜਿੰਨਾ ਵੀ ਕੋਈ ਮਨੁੱਖ ਗਿਆਨੀ ਹੁੰਦਾ ਹੈ ਉਸ ਨੂੰ ਉਨ੍ਹਾਂ ਹੀ ਹਲੀਮੀ ਨਾਲ ਬਰਤਾਉ ਕਰਨਾ ਚਾਹੀਦਾ ਹੈ। ਮਨੁੱਖ ਨੂੰ ਜੇ ਸੁੱਖ ਮਿਲਿਆ ਹੈ ਤਾਂ ਉਸ ਦਾ ਕਾਰਣ, ਉਸ ਦੀ ਚੰਗੇ ਲੋਕਾਂ ਨਾਲ ਮਿਤੱਰਤਾ ਹੈ। ਚੰਗੇ ਗੁਣ ਅਤੇ ਚੰਗੇ ਲੋਕਾਂ ਦੀ ਸਾਕਾਰਤਮਿਕ ਤਰੰਗਾਂ,

ਜਿਨ੍ਹਾਂ ਨਾਲ ਉਹ ਮਿਲਦਾ ਜੁਲਦਾ ਹੈ, ਉਹ ਤਰੰਗਾਂ ਉਸ ਦੇ ਮਨ ਨੂੰ ਪਵਿੱਤਰ ਕਰਦੀਆਂ ਹਨ ਅਤੇ ਉਸ ਨੂੰ ਖੁਸ਼ੀ ਅਤੇ ਸਤੁੰਲਣ ਦਾ ਅਨੁਭਵ ਹੁੰਦਾ ਹੈ॥8॥

को नरकः परवशता   किं सौख्यं सर्वसङ्गविरतिर्या ।
किं सत्यम् भूतहितं   प्रियं च किं प्राणिनामसवः ॥९॥

ਕੋ ਨਰਕ ?ਪਰਵਸ਼ਤਾ, ਕਿੰਮ ਸੁਖਿਅਮ?ਸਰਵ-ਸੰਗ-ਵਿਰਾਤ੍ਰਿਆ ਅਸਵਹ?
ਕਿੰਮ ਸਾਧਿਯਮ?ਭੂਤਾਹਿਤਮ ,ਪ੍ਰਿਯਮ ਚ ਕਿੰਮ ਪ੍ਰਾਣੀਨਾਮ? ,ਅਸਵਹ॥9॥

ਪ੍ਰਸ਼ਨ: ਨਰਕ ਕਿਸ ਨੂੰ ਕਹਿੰਦੇ ਹਨ?
ਉੱਤਰ: ਜਦ ਕੋਈ ਮਨੁੱਖ ਦੂਜੇ ਦੇ ਅਧੀਨ ਹੁੰਦਾ ਹੈ।
ਪ੍ਰਸ਼ਨ: ਸੁੱਖ ਕਿਸ ਨੂੰ ਕਹਿੰਦੇ ਹਨ?
ਉੱਤਰ: ਸਾਰੀਆਂ ਮੋਹ ਮਾਇਆ ਦੀ ਚੀਜਾਂ ਦਾ ਤਿਆਗ ਸੁੱਖ ਦਿੰਦਾ ਹੈ।
ਪ੍ਰਸ਼ਨ: ਸਚਾਈ ਕੀ ਹੁੰਦੀ ਹੈ?
ਉੱਤਰ: ਸਾਰੇ ਜੀਵਾਂ ਲਈ ਦਿਆਲੁਤਾ ਅਤੇ ਉਨ੍ਹਾਂ ਦੀ ਖੁਸ਼ਹਾਲੀ ਦੀ ਚਾਹ ਨੂੰ ਸਚਾਈ ਕਹਿੰਦੇ ਹਨ।
ਪ੍ਰਸ਼ਨ: ਉਹ ਕਿਹੜੀ ਚੀਜ ਹੈ ਜਿਸ ਨੂੰ ਜੀਵ ਬਹੁਤ ਪਿਆਰ ਕਰਦਾ ਹੈ?
ਉੱਤਰ: ਆਪਣਾ ਜੀਵਨ।

ਸਾਰੇ ਧਰਮ ਇਹ ਸੋਚਦੇ ਹਨ ਕਿ ਮਨੁੱਖ ਮਰਨ ਤੋਂ ਬਾਅਦ, ਆਪਣੇ ਕੀਤੇ ਕਰਮਾਂ ਦੇ ਮੁਤਾਬਕ, ਸਵਰਗ ਜਾਂ ਨਰਕ ਨੂੰ ਜਾਵੇਗਾ।ਆਚਾਰਿਆ ਸਾਡਾ ਧਿਆਨ ਇਸ ਗਲ ਵੱਲ ਦੁਆਉਂਦੇ ਹਨ ਕਿ ਇਹ ਜਰੂਰੀ ਨਹੀਂ ਕਿ ਅਸੀਂ ਮਰਨ ਤੋਂ ਬਾਦ, ਉੱਪਰ ਦੱਸੀਆਂ ਜਗ੍ਹਾ ਤੇ ਜਾਈਏ ਪਰ ਉਸ ਕੀਤੇ ਕਰਮ ਦਾ ਪ੍ਰਭਾਵ, ਇਸ ਸੰਸਾਰ ਵਿੱਚ ਹੀ ਮਿਲ ਸਕਦਾ ਹੈ।ਨਰਕ ਦੇ ਅਨੁਭਵ, ਕਈ ਰੂਪਾਂ ਅਤੇ ਢੰਗਾਂ ਨਾਲ ਹੋ ਸਕਦਾ ਹੈ।

ਜਿਹੜਾ ਕੁੱਝ ਕਿਸੇ ਹੋਰ ਦੇ ਕਾਬੂ ਵਿੱਚ ਹੈ, ਉਹ ਤੁਹਾਨੂੰ ਨਰਕ ਵਰਗਾ ਦੁੱਖ ਦੇ ਸਕਦਾ ਹੈ। ਜਿਹੜਾ ਕੁੱਝ ਸਾਡੇ ਕੰਟਰੋਲ ਵਿੱਚ ਹੈ, ਉਹ ਸਾਨੂੰ ਸੁੱਖ ਦਿੰਦਾ ਹੈ।ਇਹੀ ਖੁਸ਼ੀ ਅਤੇ ਗਮੀ ਦੇ ਗੁਣ ਹਨ।ਇਸ ਲਈ ਨਰਕ ਉਹ ਹੈ ਜਦ ਤੁਸੀਂ ਕਿਸੇ ਦੇ ਰੋਹਬ ਅਤੇ ਕੰਟਰੋਲ ਵਿੱਚ ਰਹਿੰਦੇ ਹੋ।ਨਰਕ ਤੋਂ ਉਲਟ ਅਰਥਾਤ ਸਵਰਗ ਉਹ ਹੈ ਜਦ ਤੁਸੀਂ ਖੁਸ਼ੀ ਦੀ ਹਾਲਤ ਵਿੱਚ ਰਹਿੰਦੇ ਹੋ।ਅਚਾਰਿਆ ਇਹ ਕਹਿੰਦੇ ਹਨ ਕਿ ਖੁਸ਼ੀ ਉਸ ਵੇਲੇ ਪ੍ਰਾਪਤ ਹੁੰਦੀ ਹੈ ਜਦ ਮਨੁੱਖ ਨਿਰਮੋਹੀ ਹੋ ਜਾਂਦਾ ਹੈ। ਸਚਾਈ ਦਾ ਅਸੂਲ ਉਸ ਵੇਲੇ ਵੱਧਦਾ ਫੁੱਲਦਾ ਹੈ ਜਦ ਮਨੁੱਖ ਵਿੱਚ ਦਇਆ ਭਾਵਨਾ ਆਉਂਦੀ ਹੈ ਅਤੇ ਉਸ ਵਿੱਚ ਸਾਰਿਆਂ ਦੀ ਭਲਾਈ ਦੀ ਇੱਛਾ ਹੁੰਦੀ ਹੈ।ਉਪਨਿਸ਼ਦਾਂ ਵਿੱਚ ਵੀ ਇਹੀ ਲਿਖਿਆ ਹੋਇਆ ਹੈ।ਇਕ ਹੋਰ ਸ਼ਲੋਕ ਵਿੱਚ ਅਚਾਰਿਆ ਪ੍ਰਾਰਥਨਾ ਕਰਦੇ ਹਨ ਕਿ :

ਹੇ ਭਗਵਾਨ, ਕਿਰਪਾ ਕਰਕੇ ਮੈਨੂੰ ਹੰਕਾਰ ਤੋਂ ਦੂਰ ਰੱਖੋ ਅਤੇ ਮੈਨੂੰ ਸ਼ਾਂਤੀ ਦਉ ਤਾਂ ਜੋ ਮੈਂ ਜੀਵਨ ਦੇ ਭਵ ਸਾਗਰ ਨੂੰ ਪਾਰ ਕਰ

ਸਕਾਂ। ਮੇਰੀਆਂ ਪਸ਼ੂਆਂ ਵਾਲੀ ਇੱਛਾਵਾਂ ਨੂੰ ਸ਼ਾਂਤ ਕਰੋ। ਫਿਰ, ਸਾਰੇ ਜੀਵਾਂ ਲਈ ਮੇਰੀ ਦਿਆਲੁਤਾ ਨੂੰ ਬੜ੍ਹਾਵਾ ਦਉ।

ਭਗਵਾਨ ਸ਼੍ਰੀ ਸਤਿਆ ਸਾਈ ਬਾਬੇ ਦੇ ਸ਼ਬਦ ਨਸੀਹਤ ਦਿੰਦੇ ਹਨ ਕਿ: ਸਾਰੇ ਜੀਵਾਂ ਉੱਤੇ ਦਇਆ ਭਾਵ ਰੱਖਣ ਵਾਲੇ ਫੁੱਲ, ਭਗਵਾਨ ਨੂੰ ਬਹੁਤ ਪਿਆਰੇ ਲਗਦੇ ਹਨ। ਉਤਪੱਤੀ ਦਾ ਦਰਖੱਤ, ਦਿਵੱਤਾ ਦੇ ਬੀਜ ਤੋਂ ਉਗਦਾ ਹੈ। ਇਸ ਦਰੱਖਤ ਦੇ ਫਲ ਮਨੁੱਖ ਹਨ ਜਿਹੜੇ ਜੀਵ ਆਤਮਾ ਹਨ। ਇਹ ਸਾਰੇ ਮਨੁੱਖੀ ਫਲਾਂ ਵਿੱਚ ਦਿਵੱਤਾ, ਬੀਜ ਦੇ ਰੂਪ ਵਿੱਚ ਵਿਰਾਜਮਾਨ ਹੈ। ਗੀਤਾ ਵਿੱਚ ਭਗਵਾਨ ਕ੍ਰਿਸ਼ਨ ਕਹਿੰਦੇ ਹਨ ਕਿ ਸਾਰੇ ਜੀਵਾਂ ਵਿੱਚ, ਮੈਂ ਆਤਮਾ ਦੇ ਰੂਪ ਵਿੱਚ ਹਾਂ। ਮੈਂ ਤੁਹਾਤੋਂ ਆਸ਼ਾ ਰਖਦਾ ਹਾਂ ਕਿ ਤੁਸੀਂ ਹਰ ਦਿਨ ਸਾਰਿਆਂ ਨਾਲ ਦਇਆ ਭਾਵਨਾ ਰੱਖੋ। ਖਿਮਾ ਕਰਨ ਦਾ ਫੁਲ, ਭਗਵਾਨ ਨੂੰ ਬਹੁਤ ਪਿਆਰਾ ਲਗਦਾ ਹੈ ਅਰਥਾਤ ਭਗਵਾਨ ਨੂੰ ਜੇ ਤੁਸਾਂ ਫੁੱਲ ਅਰਪਿਤ ਕਰਨਾ ਹੈ ਤਾਂ ਖਿਮਾ ਕਰਨ ਦਾ ਫੁੱਲ ਅਰਪਿਤ ਕਰੋ। ਇਸ ਤਰ੍ਹਾਂ ਦੇ ਮਨੁੱਖ ਨੂੰ ਉੱਤਮ ਗੁਣ ਵਾਲਾ ਮਨੁੱਖ ਕਿਹਾ ਜਾਂਦਾ ਹੈ। ਕਈ ਬਾਰ ਤੁਸੀਂ ਤੰਗ ਦਿਲੀ ਦੀ ਗਲ ਕਰਦੇ ਹੋ ਅਤੇ ਕਹਿੰਦੇ ਹੋ ਮੈਂ, ਮੇਰਾ ਪਰਿਵਾਰ ਅਤੇ ਦੂਜਿਆਂ ਨੂੰ ਆਪਣੇ ਤੋਂ ਵੱਖ ਮੰਨਦੇ ਹੋ। ਜਦ ਤੁਸੀਂ ਸਚ ਮੁੱਚ ਦੂਜਿਆਂ ਨਾਲ ਪਿਆਰ ਕਰਦੇ ਹੋ, ਤੁਹਾਡੇ ਵਿੱਚ ਸਬਰ ਅਤੇ ਖਿਮਾ ਕਰਨ ਦਾ ਗੁਣ ਆਉਂਦਾ ਹੈ। ਆਪਣੇ ਪਰਿਵਾਰ ਨੂੰ ਸਾਰੇ ਜੀਵ ਜੰਤੂਆਂ ਤਾਈਂ ਵਧਾਉ। ਇਹ ਖਿਮਾ ਭਾਵ ਨੂੰ, ਫਲਦਾਰ ਬਣਾਏਗਾ। ਇਸ ਸ਼ਲੋਕ ਦਾ ਅੰਤਿਮ ਪ੍ਰਸ਼ਨ ਸਵੈ-ਪ੍ਰਮਾਣਿਤ ਹੈ ਅਤੇ ਇਸ ਤੋਂ ਸਾਫ ਪਤਾ ਲਗਦਾ

ਹੈ ਕਿ ਜੀਵਧਾਰੀ, ਕਿਸ ਨੂੰ ਬਹੁਤ ਪਿਆਰ ਕਰਦੇ ਹਨ। ਕੁਦਰਤੀ, ਇਹ ਉਨ੍ਹਾਂ ਦਾ ਆਪਣਾ ਜੀਵਨ ਹੈ ਕੋਈ ਜੀਵਧਾਰੀ ਇਸ ਤਰ੍ਹਾਂ ਦਾ ਨਹੀਂ ਜਿਹੜਾ ਆਪਣਾ ਜੀਵਨ ਬਚਾਉਣ ਲਈ ਹਰ ਸੰਭਵ ਯਤਨ ਨਹੀਂ ਕਰਦਾ ਹੈ ਕਿਉਂ ਜੋ ਉਸ ਨੂੰ ਆਪਣਾ ਜੀਵਨ ਬਹੁਤ ਮੁੱਲਵਾਨ ਲਗਦਾ ਹੈ॥9॥

किं मरणं मूर्खत्वं   किं चानर्घं यदवसरे दत्तम् ।
आमरणात् किं शल्यं प्रच्छन्नं यत्कृतं पापम् ॥१०॥

ਕਿੰਮ ਮਰਨਮ? ਮੂਰਖਤਵਮ, ਕਿੰਮ ਚਾ-ਨਰਘਮ? ਯਦਵਸਰੇ ਦਤਮ ਆਮਰਣਾਤ ਕਿੰਮ ਸ਼ਲਿਯਮ? ਪ੍ਰਚਛਨਮ ਯਤਿਯ ਕ੍ਰਿਤਮ ਪਾਪਮ।॥10॥

ਪ੍ਰਸ਼ਨ: ਮੌਤ ਕਿਸ ਨੂੰ ਕਹਿੰਦੇ ਹਨ?
ਉੱਤਰ: ਅਗਿਆਨੀ ਜਾਂ ਮੂਰਖ ਨੂੰ ਮੌਤ ਕਹਿੰਦੇ ਹਨ।
ਪ੍ਰਸ਼ਨ: ਬੇਸ਼ਕੀਮਤੀ ਚੀਜ ਕਿਹੜੀ ਹੈ?
ਉੱਤਰ: ਜਿਹੜੀ ਕਿਸੇ ਨੂੰ, ਉਸ ਦੀ ਬਹੁਤ ਜਰੂਰਤ ਵੇਲੇ ਪ੍ਰਾਪਤ ਹੁੰਦੀ ਹੈ।
ਪ੍ਰਸ਼ਨ: ਉਹ ਕਿਹੜੀ ਚੀਜ ਹੈ ਜਿਹੜੀ ਮਨੁੱਖ ਨੂੰ ਜੀਵਨ ਭਰ ਚੁੱਭਦੀ ਰਹਿੰਦੀ ਹੈ?
ਉੱਤਰ: ਗੁਪਤ ਪਨ ਵਿੱਚ ਕੀਤਾ ਕੁਕਰਮ।

ਮੌਤ ਕੀ ਹੁੰਦੀ ਹੈ ਉਸ ਦਾ ਆਸਾਨ ਉੱਤਰ ਹੈ, ਜੀਵਨ ਤੋਂ ਬਿਨਾਂ। ਆਚਾਰਿਆ ਕਹਿੰਦੇ ਹਨ ਕਿ ਅਗਿਆਨਤਾ ਹੀ ਅਸਲ ਮੌਤ ਹੈ। ਭਾਵੇਂ ਭੌਤਿਕ ਰੂਪ ਵਿੱਚ ਮਨੁੱਖ ਜਿੰਦਾ ਹੈ ਪਰ ਜੇ ਮਨੁੱਖ ਨੂੰ ਪਰਮਾਤਮਾ ਦਾ ਗਿਆਨ ਨਹੀਂ ਹੈ ਉਸ ਨੂੰ ਮੁਰਦਾ ਹੀ ਕਿਹਾ ਜਾ ਸਕਦਾ ਹੈ। ਇਸ ਗਿਆਨ ਨੂੰ ਆਮ ਤੌਰ ਤੇ ਮੁਕਤੀ ਕਹਿੰਦੇ ਹਨ, ਅਰਥਾਤ , ਉਹ ਗਿਆਨ ਜਿਹਦੇ ਨਾਲ ਮਨੁੱਖ ਜਨਮ ਮਰਣ ਤੋਂ ਰਹਿਤ ਹੋ ਜਾਂਦਾ ਹੈ। ਸਾਰੇ ਕਿਸਮਾਂ ਦੇ ਜਨਮਾਂ ਤੋਂ ਮਨੁੱਖ ਦਾ ਜਨਮ, ਇਕ ਲਾਸਾਨੀ ਜਨਮ ਹੈ ਅਤੇ ਇਹ ਜਨਮ, ਆਸਾਨੀ ਨਾਲ ਨਹੀਂ ਮਿਲਦਾ। ਇਸ ਲਈ, ਇਸ ਕੀਮਤੀ ਮਨੁੱਖੀ ਜਨਮ ਰਾਹੀਂ ਮੁਕਤੀ (ਮੋਕਸ਼) ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ ਅਤੇ ਉਹ ਕੰਮ ਨਾ ਕਰੋ ਜਿਹਦੇ ਕਾਰਣ ਤੁਸੀਂ, ਜਿੰਦਾ ਹੁੰਦੇ ਹੋਏ ਵੀ ਮੁਰਦਾ ਹੋ ਅਰਥਾਤ ਸਰੀਰ ਵਿੱਚ ਜਾਨ ਹੁੰਦੇ ਹੋਏ ਵੀ ਤੁਸੀਂ ਮੁਰਦਿਆਂ ਦੀ ਤਰ੍ਹਾਂ ਰਹਿ ਰਹੇ ਹੋ।

ਆਚਾਰਿਆ ਦੀ ਅਨਮੋਲ ਵਸਤੂ ਬਾਰੇ ਵੀ ਇਕ ਧਾਰਨਾ (ਵਿਚਾਰ) ਹੈ। ਉਨ੍ਹਾਂ ਮੁਤਾਬਕ, ਅਨਮੋਲ ਵਸਤੂ ਉਹ ਹੈ ਜਿਹੜੀ ਤੁਹਾਨੂੰ ਜਰੂਰਤ ਵੇਲੇ ਪ੍ਰਾਪਤ ਹੋ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਇਕ ਹਾਦਸੇ ਵਾਲੇ ਮਨੁੱਖ ਨੂੰ ਪਾਣੀ ਦਾ ਮਿਲਣਾ, ਇਕ ਮੁਸੀਬਤ ਵਿੱਚ ਮਰੀਜ ਨੂੰ ਜੀਵਨ ਬਚਾਉਣ ਵਾਲੀ ਦਵਾਈ ਅਤੇ ਮਰੀਜ ਨੂੰ ਖੂਨ ਦੀ ਜਰੂਰਤ ਵੇਲੇ ਖੂਨ ਦਾ ਮਿਲਣਾ ਅਨਮੋਲ ਵਸਤੂ ਹੈ। ਤੁਹਾਨੂੰ ਕਿਹੜੀ ਚੀਜ ਮਰਨ ਤਾਈਂ ਅੰਦਰੋਂ ਅੰਦਰੀਂ ਖਾਂਦੀ ਰਹਿੰਦੀ ਹੈ, ਉਸ ਦੇ ਉੱਤਰ ਵਿੱਚ ਉਹ

ਕਹਿੰਦੇ ਹਨ ਕਿ ਗੁਪਤ ਰੂਪ ਵਿੱਚ ਕੀਤਾ ਪਾਪ ਜਿਹੜਾ ਕਿਸੇ ਨਾਲ ਸਾਂਝਾ ਨਹੀਂ ਕਰ ਸਕਦੇ, ਤੁਹਾਨੂੰ ਹਮੇਸ਼ਾ ਤੰਗ ਕਰਦਾ ਰਹਿੰਦਾ ਹੈ ਅਤੇ ਤੁਹਾਡੇ ਦਿਮਾਗ ਤੇ ਬੋਝ ਬਣਿਆ ਰਹਿੰਦਾ ਹੈ। ਕਿਉਂ ਜੋ ਸਰਵ ਵਿਆਪਕ ਭਗਵਾਨ ਤੁਹਾਡੇ ਹਰ ਕਰਮ ਦੇ ਸਾਕਸ਼ੀ ਹਨ ਅਤੇ ਉਹ ਕਰਮ ਭਗਵਾਨ ਅਤੇ ਤੁਹਾਡੀ ਚੇਤਨਾ ਨੂੰ ਪਤਾ ਹੁੰਦਾ ਹੈ, ਉਹ ਕਰਮ ਤੁਸੀਂ ਆਪਣੀ ਚੇਤਨਾ ਤੋਂ ਛੁਪਾ ਨਹੀਂ ਸਕਦੇ। ਇਸ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਜਿਹੜਾ ਚੰਗਾ ਕਰਮ ਤੁਸੀਂ ਸਮਾਜ ਵਿੱਚ ਕਰਦੇ ਹੋ ਉਸੇ ਤਰ੍ਹਾਂ ਦਾ ਚੰਗਾ ਕਰਮ ਉਸ ਵੇਲੇ ਵੀ ਕਰੋ ਜਦ ਤੁਹਾਨੂੰ ਕੋਈ ਵੀ ਨਹੀ ਵੇਖਦਾ ਕਿਉਂ ਜੋ ਭਗਵਾਨ ਹਰ ਜਗ੍ਹਾ ਵਿਰਾਜਮਾਨ ਹਨ। ਇਸਾਈ ਧਰਮ ਵਿੱਚ ਕੈਥੋਲਿਕ ਇਸ ਚੀਜ ਤੇ ਵਿਸ਼ਵਾਸ ਕਰਦੇ ਹਨ ਕਿ ਗੁਪਤਪਨ ਵਿੱਚ ਕੀਤੇ ਪਾਪ ਨੂੰ ਪਾਦਰੀ ਨਾਲ ਸਾਂਝਾ ਕੀਤਾ ਜਾਵੇ ਤਾਂ ਉਸ ਪਾਪ ਦਾ ਪ੍ਰਾਸ਼ਚਿਤ ਹੋ ਜਾਂਦਾ ਹੈ। ਉਸੇ ਤਰ੍ਹਾਂ ਆਚਾਰਿਆ ਕਹਿੰਦੇ ਹਨ ਕਿ ਹਮੇਸ਼ਾ ਸਚੇਤ ਰਹੋ ਤਾਂ ਕਿ ਤੁਹਾਡੇ ਵੱਲੋਂ ਗੁਪਤਪਨ ਵਿੱਚ ਕੀਤੇ ਪਾਪ ਤੁਾਹਡੀ ਚੇਤਨਾ ਨੂੰ ਦੁੱਖ ਨਾ ਪਹੁਚਾਉਣ॥10॥

कुत्र विधेयो यत्नः विद्याभ्यासे सदौषधे दाने ।
का प्रेयसी विधेया करुणा दीनेषु सज्जने मैत्री ॥११॥

ਕੁੱਤਰ ਵਿਧੇਉ ਯਤਨੋ? ਵਿੱਦਿਆਭਿਆਸੇ ਸਦ-ਔਸ਼ਧੇ ਦਾਨੇ
ਕਾ ਪ੍ਰਿਆਸੀ ਵਿਧੇਆ? ਕਰੁਣਾ ਦਿਨੇਸ਼ੁ, ਸਜਨੇ ਮੈਤ੍ਰੀ।॥11॥

ਪ੍ਰਸ਼ਨ: ਔਖੇ ਕੰਮ ਨੂੰ ਪੂਰਾ ਕਰਨ ਲਈ, ਕਿਸ ਚੀਜ ਦੀ ਜਰੂਰਤ ਪੈਂਦੀ ਹੈ?

ਉੱਤਰ: ਸਿੱਖਿਅਤ ਹੋਣਾ, ਚੰਗੀ ਦਵਾਈ ਲੈਣਾ ਅਤੇ ਦਾਨ ਕਰਨਾ।

ਪ੍ਰਸ਼ਨ: ਸਾਡੀ ਮਨ ਪਸੰਦ ਕਿਹੜੀ ਚੀਜ ਹੋਣੀ ਚਾਹੀਦੀ ਹੈ?

ਉੱਤਰ: ਗਰੀਬ ਅਤੇ ਕਮਜ਼ੋਰਾਂ ਲਈ ਦਇਆ ਭਾਵਨਾ ਅਤੇ ਚੰਗੇ ਲੋਕਾਂ ਨਾਲ ਦੋਸਤੀ

ਇਕ ਕਾਮਯਾਬ ਜੀਵਨ ਲਈ ਸਖਤ ਮਿਹਨਤ ਅਤੇ ਕੋਸ਼ਿਸ਼ ਬਹੁਤ ਜਰੂਰੀ ਹੈ।ਕਈ ਲੋਕ ਇਹ ਸੋਚਦੇ ਹਨ ਕਿ ਦੂਜੇ ਲੋਕ ਬਿਨਾਂ ਮਿਹਨਤ ਕੀਤੇ ਕਾਮਯਾਬ ਹੋ ਗਏ ਹਨ ਪਰ ਸਚਾਈ ਇਹ ਹੈ ਕਿ ਉਹ ਲੋਕ ਜਿਨ੍ਹਾਂ ਸਖਤ ਮਿਹਨਤ ਕੀਤੀ ਹੈ ਉਹੀ ਜਾਣਦੇ ਹਨ ਕਿ ਉਨ੍ਹਾਂ ਕਿੰਨੀ ਕੁਰਬਾਨੀ ਕੀਤੀ ਹੈ।ਆਮ ਸਿੱਖਿਆ ਤੋਂ ਗਿਆਨ ਪ੍ਰਾਪਤ, ਚੰਗੀ ਦਵਾਈ ਅਤੇ ਭਿਕਸ਼ਾ ਦੇਣਾ, ਇਹ ਸਾਰਿਆਂ ਵਿੱਚ ਬਹੁਤ ਕੋਸ਼ਿਸ਼ ਕਰਨੀ ਪੈਂਦੀ ਹੈ।ਕਿਉਂ ਹੋ ਸੰਸਾਰ ਵਿੱਚ ਮਾਇਆ ਧੋਖਾ ਜਾਂ ਭਰਮ ਹੈ ਇਸ ਨੂੰ ਸਮਝਣ ਅਤੇ ਅਨੁਭਵ ਕਰਨ ਲਈ ਸਾਧਨਾ ਦੀ ਜਰੂਰਤ ਹੈ, ਜਿਹੜੀ ਸਾਧਨਾ ਤੋਂ ਤੁਹਾਨੂੰ ਪਤਾ ਲੱਗੇਗਾ ਕਿ ਸਾਰੇ ਜੀਵਾਂ ਵਿੱਚ ਇਕ ਹੀ ਦਿਵਯ ਸਿਧਾਂਤ ਵਿਦਵਾਨ ਹੈ ਅਤੇ ਇਹੀ ਸਚਾਈ ਹੈ।ਸਚਾਈ, ਇਕ ਹੀ ਹੈ ਪਰ ਗਿਆਨੀ ਇਸ ਸਚਾਈ ਨੂੰ ਵੱਖ ਵੱਖ ਨਾਂ ਨਾਲ ਪੁਕਾਰਦੇ ਹਨ।

ਗਿਆਨੀ ਇਕ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਜਿਹੜਾ ਕੀਮਤੀ ਨਗ, ਘਰ ਵਿੱਚ ਗੰਦਗੀ ਅਤੇ ਮਿੱਟੀ ਦੀ ਤਹਿ ਨਾਲ

ਢੱਕਿਆ ਹੁੰਦਾ ਹੈ ਆਪਣੀ ਚਮਕ ਅਤੇ ਕੀਮਤ ਖੋ ਦਿੰਦਾ ਹੈ।ਅੱਧਿਆਤਮਿਕ ਅੱਭਿਆਸ ਅਤੇ ਸਾਧਨਾ ਨਾਲ, ਜਦ ਮਿੱਟੀ ਅਤੇ ਗੰਦਗੀ ਦੀ ਤਹਿ ਸਾਫ ਹੋ ਜਾਂਦੀ ਹੈ ਅਤੇ ਉਸ ਉੱਤੇ ਪਾਲਿਸ਼ ਹੋ ਜਾਂਦਾ ਹੈ ਤਾਂ ਨਗ ਦੀ ਚਮਕ ਨਾਲ ਰੌਸ਼ਨੀ ਵਿਖਾਈ ਦੇਣ ਲੱਗ ਪੈਂਦੀ ਹੈ।ਉਸੇ ਤਰ੍ਹਾਂ ਮਨੁੱਖ ਜਾਂ ਬ੍ਰਹਮ ਦੀ ਚਮਕ ਉੱਤੇ ਮਿੱਟੀ ਅਤੇ ਮਾਇਆ ਦੀ ਗੰਦੀ ਤਹਿ ਚੜ੍ਹ ਜਾਂਦੀ ਹੈ।ਬ੍ਰਹਮ ਜਾਂ ਮਨੁੱਖ ਦੀ ਅਸਲੀ ਚਮਕ ਉਸ ਵੇਲੇ ਵਾਪਸ ਆ ਜਾਂਦੀ ਹੈ ਜਦ ਉਹ ਸਾਧਨਾ ਜਾਂ ਅੱਧਿਆਤਮਿਕ ਅਭਿਆਸ ਜਿਵੇਂ ਸਾਧਨਾ, ਰੀਤੀ ਰਿਵਾਜਾਂ ਮੁਤਾਬਕ ਪੂਜਾ, ਨਾਂ ਸਿਮਰਣ ਜਾਂ ਭਗਵਾਨ ਦੇ ਨਾਂ ਨੂੰ ਯਾਦ ਕਰਕੇ ਜਾਂ ਭਗਵਾਨ ਦੀ ਉਪਮਾ ਵਿੱਚ ਭਜਨ ਗਾ ਕੇ ਮਾਨਵ ਸੇਵਾ ਕਰਦਾ ਹੈ।ਉਸ ਵੇਲੇ ਹੀ ਸਾਨੂੰ ਪਤਾ ਲਗਦਾ ਹੈ ਕਿ ਭਗਵਾਨ ਹਰ ਜਗ੍ਹਾ ਵਿਰਾਜਮਾਨ ਹਨ।ਉਸੇ ਮਿਜ਼ਾਜ਼ ਵਿੱਚ ਆਚਾਰਿਆ, ਵਿਸਤਾਰ ਨਾਲ ਦੱਸਦੇ ਹਨ ਕਿ ਮਨੁੱਖ ਨੂੰ ਗਰੀਬ ਅਤੇ ਕਮਜ਼ੋਰਾਂ ਨਾਲ ਦਇਆ ਭਾਵਨਾ ਅਤੇ ਚੰਗੇ ਅਤੇ ਗਿਆਨੀ ਲੋਕਾਂ ਨਾਲ ਦੋਸਤੀ ਜਰੂਰ ਕਰਨੀ ਚਾਹੀਦੀ ਹੈ।ਸਾਨੂੰ ਚਾਹੀਦਾ ਹੈ ਕਿ ਕੋਈ ਅਮੀਰ ਹੋਵੇ ਜਾਂ ਗਰੀਬ, ਜੀਵਨ ਦੀ ਅਨੇਕਤਾ ਵਿੱਚ, ਭਗਵਾਨ ਦੀ ਦਿਵੱਤਾ ਵਿੱਚ, ਏਕਤਾ ਅਨੁਭਵ ਕਰਨੀ ਚਾਹੀਦੀ ਹੈ॥11॥

कः साधुः सद्वृत्तः कमधममाचक्षते त्वसद्वृत्तम् ।
केन जितं जगदेतत् सत्यतितिक्षावता पुंसा ॥१२॥

ਕਾਹ ਸਾਧੂ ? ਸਦਵ੍ਰਿਤਾ ਕਮਧਮਮ ਆਚਕਸ਼ਤੇ? ਤਵਸਦਵ੍ਰਿਤਮ।

ਕੇਨ ਜਿਤਮ ਜਗਦੇਤਤ? ਸਤਿਆ-ਤਿਤੀਕਸ਼ਾ-ਵਤਾ ਪੁਮਸਾ॥12॥

ਪ੍ਰਸ਼ਨ: ਚੰਗਾ ਮਨੁੱਖ (ਸਾਧੂ) ਕਿਸ ਨੂੰ ਕਹਿੰਦੇ ਹਨ?

ਉੱਤਰ: ਉਹ ਮਨੁੱਖ, ਜਿਹਦਾ ਚਾਲ ਚਲਣ ਚੰਗਾ ਹੋਵੇ।

ਪ੍ਰਸ਼ਨ: ਗਿਰਿਆ ਹੋਇਆ ਇਨਸਾਨ ਕਿਸ ਨੂੰ ਕਹਿੰਦੇ ਹਨ?

ਉੱਤਰ: ਉਹ ਮਨੁੱਖ ਜਿਹਦਾ ਚਾਲ ਚਲੱਣ ਮਾੜਾ ਹੋਵੇ।

ਪ੍ਰਸ਼ਨ: ਇਸ ਸੰਸਾਰ ਨੂੰ ਕਿਸ ਨੇ ਜਿੱਤਿਆ ਹੈ?

ਉੱਤਰ: ਉਹ ਮਨੁੱਖ ਜਿਹੜਾ ਸੱਚ ਬੋਲਦਾ ਹੈ ਅਤੇ ਜਿਹਦੇ ਅੰਦਰ ਸਬਰ ਦਾ ਗੁਣ ਹੁੰਦਾ ਹੈ।

ਕਿਸੇ ਵੀ ਚੰਗੇ ਮਨੁੱਖ ਦੀ ਸਮਾਜ ਵਿੱਚ ਮਹੱਤਤਾ, ਬੜ੍ਹਾ-ਚੜ੍ਹਾ ਕੇ ਬਿਆਨ ਨਹੀਂ ਕੀਤੀ ਜਾ ਸਕਦੀ। ਇਸ ਦਾ ਕਾਰਣ ਹੈ ਕਿ ਅੱਜ-ਕੱਲ੍ਹ ਹਰ ਖੇਤਰ ਵਿੱਚ ਨੈਤਿਕਤਾ ਅਤੇ ਸਦਾਚਾਰ ਵਿੱਚ ਗਿਰਾਵਟ ਹੀ ਗਿਰਾਵਟ ਵੇਖ ਰਹੇ ਹਾਂ। ਉਹ ਲੋਕ ਵੀ ਜਿਹੜੇ ਉੱਚੀ ਪੱਦਵੀ ਤੇ ਬੈਠੇ ਹਨ, ਅਨੈਤਿਕਤਾ ਅਤੇ ਦੁਰਾਚਾਰ ਵਿੱਚ ਲਿਪਤ ਹਨ। ਜੀਵਨ ਦੇ ਹਰ ਖੇਤਰ ਵਿੱਚ ਉਹ ਮਨੁੱਖ ਜਿਹੜਾ ਇਮਾਨਦਾਰ ਹੈ ਉਸ ਨੂੰ ਕਸ਼ਟ ਦਿੱਤਾ ਜਾਂਦਾ ਹੈ, ਕਿਉਂ ਜੋ ਉਹ ਬੇਈਮਾਨੀ ਦਾ ਸਾਥ ਨਹੀਂ ਦਿੰਦਾ। ਅੱਜ ਕੱਲ ਲੋਕਾਂ ਦਾ ਇਹ ਵਤੀਰਾ ਹੋ ਗਿਆ ਹੈ ਕਿ ਜਿਸ ਤਰ੍ਹਾਂ ਵੀ ਗਲਤ ਮਲਤ ਤਰੀਕੇ ਨਾਲ ਦੌਲਤ ਇੱਕਠੀ ਕਰੋ। ਇਮਾਨਦਾਰ ਨੂੰ ਕੋਈ ਨਹੀਂ ਪੁੱਛਦਾ। ਇਸ ਸਿਲਸਲੇ ਵਿੱਚ ਪ੍ਰਸ਼ਨ ਇਹ ਉੱਠਦਾ ਹੈ ਕਿ ਸਾਧੂ ਕਿਸ ਨੂੰ ਕਿਹਾ ਜਾਵੇ। ਇਸ ਦਾ

ਉੱਤਰ ਹੈ, ਜਿਸ ਮਨੁੱਖ ਦਾ ਚੰਗਾ ਚਰਿੱਤਰ ਹੈ ਉਹੀ ਮਨੁੱਖ ਸਾਧੂ ਹੈ। ਉਸ ਦੇ ਉਲਟ, ਗਿਰਿਆ ਹੋਇਆ ਮਨੁੱਖ ਉਹ ਹੈ ਜਿਹੜਾ ਬਦਚਲਣ ਹੈ। ਇਹ ਗਲ ਬਿਲਕੁਲ ਸਾਫ ਹੈ ਕਿ ਹਰ ਮਨੁੱਖ ਦੀ ਅੰਦਰੂਨੀ ਚੇਤਨਾ ਇਕ ਜਿਹੀ ਹੈ। ਇਹ ਚੇਤਨਾ ਤੁਹਾਨੂੰ ਹਰ ਵੇਲੇ ਯਾਦ ਦੁਆਉਂਦੀ ਹੈ ਕਿ ਜਿਹੜਾ ਕਰਮ ਤੁਸੀਂ ਕਰਨ ਵਾਲੇ ਹੋ ਉਹ ਚੰਗਾ ਹੈ ਜਾਂ ਮਾੜਾ। ਇਸ ਚੇਤਨਾ ਦਾ ਪਿੱਛਾ ਤੁਸੀਂ ਇਹ ਸੋਚ ਕੇ ਹੀ ਛੁਡਾ ਸਕਦੇ ਹੋ ਕਿ ਤੁਸੀਂ ਚੇਤਨਾ ਦੀ ਪਰਵਾਹ ਨਾ ਕਰੋ ਜਾਂ ਬਹਾਨਾ ਕਰੋ ਕਿ ਤੁਸਾਂ ਚੇਤਨਾ ਦੀ ਆਵਾਜ ਨਹੀਂ ਸੁਣੀ। ਤੁਹਾਡੇ ਚਾਲ ਚਲਣ ਦਾ ਪੈਮਾਨਾ, ਤੁਹਾਡੇ ਵੱਲੋਂ ਬਿਤਾ ਰਹੇ ਜੀਵਨ ਦੇ ਢੰਗ ਉੱਤੇ ਨਿਰਭਰ ਕਰਦਾ ਹੈ। ਇਕ ਵਿਦਿਆਰਥੀ ਦਾ ਫਰਜ ਬਣਦਾ ਹੈ ਕਿ ਉਹ, ਜਿਸ ਸੰਸਥਾ ਵਿੱਚ ਪੜ੍ਹਾਈ ਕਰ ਰਿਹਾ ਹੈ, ਉਸ ਦੇ ਅਸੂਲਾਂ ਨੂੰ ਮੰਨੇ। ਰਲਿਆ ਮਿਲਿਆ ਬਰਤਾਉ ਕਰਨਾ ਅਤੇ ਸ਼ਰਾਬ ਅਤੇ ਨਸ਼ਾ ਕਰਨਾ, ਸਚ-ਮੁਚ ਬਦਚਲਨੀ ਹੈ। ਉਸੇ ਤਰ੍ਹਾਂ ਇਕ ਘਰੇਲੂ ਨੂੰ, ਨੈਤਿਕਤਾ ਦੇ ਆਧਾਰ ਤੇ ਪੈਸਾ ਕਮਾਉਣਾ ਇਕ ਸਹੀ ਢੰਗ ਹੈ। ਰਿਸ਼ਵਤ ਖੋਰੀ, ਸਦਾਚਾਰ ਨਹੀਂ ਹੈ। ਸਨਿਆਸੀ ਲਈ ਕੁਆਰਾ ਰਹਿਣਾ ਜਰੂਰੀ ਹੈ ਅਤੇ ਕੁਆਰਪਨ ਵਿੱਚ ਰਹਿਣ ਦੇ ਸਾਰੇ ਅਸੂਲਾਂ ਦੀ ਪਾਲਣਾ ਕਰਨਾ ਉਸ ਦਾ ਫਰਜ ਹੈ। ਉਨ੍ਹਾਂ ਅਸੂਲਾਂ ਦੀ ਅਨਦੇਖੀ ਕਰਨਾ ਗਲਤ ਹੈ। ਜੀਵਨ ਦੇ ਹਰ ਪਹਿਲੂ ਵਿੱਚ ਅਸੀਂ ਵੇਖਦੇ ਹਾਂ ਕਿ ਬਦਚਲਨੀ ਕਰਨ ਵਾਲੇ ਲੋਕ ਵੀ ਦੰਡ ਮੁਕਤ ਹੋ ਜਾਂਦੇ ਹਨ। ਇਸ ਲਈ ਇਹ ਬਹੁਤ ਜਰੂਰੀ ਹੈ ਕਿ ਸਾਨੂੰ ਚੰਗੇ ਅਤੇ ਮਾੜੇ ਮਨੁੱਖ ਵਿੱਚ ਪਹਿਚਾਨ ਕਰਨੀ ਚਾਹੀਦੀ ਹੈ। ਇਹ ਸਾਰਾ ਕੁਝ ਵੇਖਦੇ ਹੋਏ

ਆਚਾਰਿਆ ਕਹਿੰਦੇ ਹਨ ਕਿ ਸੰਸਾਰ ਨੂੰ ਉਹੀ ਮਨੁੱਖ ਜਿੱਤ ਸਕਦਾ ਹੈ ਜਿਹੜਾ ਸਚ ਬੋਲਦਾ ਹੈ ਅਤੇ ਸਬਰ ਰੱਖਦਾ ਹੈ। ਅੱਸਲ ਵਿੱਚ ਸਚਾਈ ਅਤੇ ਸਬਰ ਨੂੰ ਜਿੱਤਣ ਦੀ ਉਚਾਈਆਂ ਤਾਈਂ ਲੈ ਜਾਣਾ ਚਾਹੀਦਾ ਹੈ ਤਾਂ ਜੋ ਅੰਦਰੂਨੀ ਸੰਸਾਰ ਅਰਥਾਤ ਚੇਤਨਾ ਦਾ ਸੰਸਾਰ ਜਿੱਤਿਆ ਜਾ ਸਕੇ। ਉਹੀ ਮਨੁੱਖ, ਜਿਹੜਾ ਹਰ ਵੇਲੇ ਸੱਚ ਹੀ ਬੋਲਦਾ ਹੈ ਅਤੇ ਸੱਚ ਬੋਲਣ ਤੋਂ ਜਰਾ ਨਹੀਂ ਝਿਝਕਦਾ, ਚੇਤਨਾ ਨੂੰ ਜਿੱਤਣ ਵਾਲਾ ਕੁਹਾਉਂਦਾ ਹੈ। ਰਾਜਾ ਹਰੀਸ਼ ਚੰਦਰ ਦੀ ਕਹਾਣੀ ਬਹੁਤ ਮਸ਼ਹੂਰ ਹੈ। ਸਾਰੀਆਂ ਮੁਸੀਬਤਾਂ ਅਤੇ ਦੁੱਖਾਂ ਦੇ ਬਾਵਜੂਦ, ਜਿਨ੍ਹਾਂ ਦੁੱਖਾਂ ਨੇ ਉਸ ਨੂੰ ਸ਼ਮਸ਼ਾਨ ਘਾਟ ਦਾ ਰਖਵਾਲਾ ਬਣਾਇਆ ਅਤੇ ਆਪਣੀ ਪਤਨੀ ਦਾ ਦਾਹਸੰਸਕਾਰ ਕਰਨ ਲਈ ਪੈਸਾ ਨਾ ਹੋਣ ਦੇ ਬਾਵਜੂਦ, ਉਨ੍ਹਾਂ ਸਚ ਦਾ ਸਾਥ ਨਹੀਂ ਛੱਡਿਆ। ਤੈਤਰੀਆ ਉਪਨਿਸ਼ਦ ਦੇ ਆਖਿਰੀ ਅੱਧਿਆਏ ਦੇ ਪਹਿਲੇ ਭਾਗ ਜਿਸ ਨੂੰ ਸਿੱਖਿਆਵਲੀ ਕਹਿੰਦੇ ਹਨ ਵਿੱਚ ਪ੍ਰੇਰਣਾ ਦਿੱਤੀ ਹੋਈ ਹੈ ਕਿ ਸਚ ਬੋਲੋਂ ਅਤੇ ਧਰਮ ਦੇ ਰਸਤੇ ਤੇ ਚਲੋ।

ਇਸ ਲਈ ਆਚਾਰਿਆ, ਇਸ ਗਲ ਤੇ ਸਹੀ ਜੋਰ ਦਿੰਦੇ ਹਨ ਕਿ ਸਚਾਈ ਦਾ ਗੁਣ ਹੀ ਉੱਤਮ ਗੁਣ ਹੈ ਅਤੇ ਜਿਹੜੇ ਮਨੁੱਖ ਨੇ ਸਚਾਈ ਦਾ ਰਸਤਾ ਅਪਨਾਇਆ ਹੈ, ਉਸ ਨੇ ਬ੍ਰਹਮੰਡ ਨੂੰ ਜਿੱਤ ਲਿਆ ਹੈ॥12॥

कस्मै नमांसि देवाः कुर्वन्ति दयाप्रधानाय ।
इह भुवने कः शोच्यः सत्यपि विभवे न यो दाता ॥१३॥

ਕਸਮੇ ਨਾਮੰਸੀ ਦੇਵਾ ਕੁਰਵੰਤੀ? ਦਯਾ -ਪ੍ਰਧਾਨਿਆ
ਇਹ ਭੁਵਨੇ ਕਾ ਸ਼ੋਚਿਆ ਸਤਿਆਪੀ ਵੀਭਵੇਨਾ ਦਾਤਾ॥13॥

ਪ੍ਰਸ਼ਨ: ਉਹ ਕਿਹੜਾ ਮਨੁੱਖ ਹੈ ਜਿਸ ਦੀ ਇੱਜਤ ਭਗਵਾਨ ਵੀ ਕਰਦੇ ਹਨ?

ਉੱਤਰ: ਇਕ ਦਇਆਲੂ ਮਨੁੱਖ

ਪ੍ਰਸ਼ਨ: ਉਹ ਕਿਹੜਾ ਮਨੁੱਖ ਹੈ ਜਿਹੜਾ ਸੰਸਾਰ ਵਿੱਚ ਉਦਾਸੀ ਪੈਦਾ ਕਰਦਾ ਹੈ?

ਉੱਤਰ: ਉਹ ਮਨੁੱਖ, ਜਿਹਦੇ ਕੋਲ ਪੈਸਾ ਦੇਣ ਦੀ ਸਮੱਰਥਾ ਹੈ ਪਰ ਉਹ ਦਾਨ ਨਹੀਂ ਕਰਦਾ।

ਦਇਆਲੁਤਾ ਦੀ ਮਹੱਤਤਾ ਦਸਦੇ ਹੋਏ ਆਚਾਰਿਆ ਨੇ, ਇਸ ਦਇਆਲੁਤਾ ਦੇ ਗੁਣ ਨੂੰ ਇੱਥੋਂ ਤਾਈਂ ਕਹਿ ਦਿੱਤਾ ਕਿ ਇਕ ਦਇਆਲੂ ਮਨੁੱਖ ਦੀ ਤਾਂ ਭਗਵਾਨ ਵੀ ਇਜੱਤ ਕਰਦੇ ਹਨ ਅਤੇ ਉਹ ਭਗਵਾਨ ਨੂੰ ਬਹੁਤ ਖੁਸ਼ ਕਰਦੇ ਹਨ।ਅਤੁਲ ਭਗਵਾਨ ਸ਼੍ਰੀ ਸਤਿਆ ਸਾਈ ਬਾਬਾ ਦੇ ਮਸ਼ਹੂਰ ਭਜਨ(ਜਿਹੜਾ ਉਨ੍ਹਾਂ ਆਪ ਲਿਖਿਆ ਅਤੇ ਆਪ ਹੀ ਗਾਇਆ) ਵਿੱਚ ਇਹ ਸਾਫ ਪਤਾ ਲਗਦਾ ਹੈ ਕਿ ਕੋਈ ਵੀ ਕੀਤਾ ਕਰਮ, ਚੰਗਾ ਕਰਮ ਨਹੀਂ ਜਿਸ ਵਿੱਚ ਦਇਆ ਭਾਵਨਾ ਅਤੇ ਧਰਮ ਦੀ ਪਾਲਣਾ ਨਹੀਂ ਹੈ।ਇਹੀ ਵਿਚਾਰ, ਸ਼੍ਰੀ ਵਾਸਵੱਨਾ ਦੀ ਕੰਨੜ ਕਵਿਤਾ ਵਿੱਚ ਦਿੱਤੇ ਗਏ ਹਨ ਕਿ ਉਹ ਕਰਮ, ਕਿਵੇਂ ਚੰਗਾ ਕਰਮ ਹੋ ਸਕਦਾ ਹੈ, ਜਿਸ ਵਿੱਚ ਦਇਆ ਭਾਵਨਾ ਨਹੀਂ ਹੈ।ਦੂਜਿਆਂ ਦੀ ਮਦਦ ਕਰਨ ਦੇ ਵਿਚਾਰਾਂ ਨੂੰ ਦਇਆ ਕਿਹਾ ਜਾਂਦਾ ਹੈ।

ਇਸ ਦੇ ਨਾਲ ਢੁਕਦੀ ਉਦਾਹਰਣ ਇਹ ਹੈ ਕਿ ਜੇ ਭਗਵਾਨ ਨੇ ਕਿਸੇ ਨੂੰ ਦੂਜਿਆਂ ਦੀ ਮਦਦ ਕਰਨ ਦੀ ਸਮੱਰਥਾ ਦਿੱਤੀ ਹੈ ਅਤੇ ਉਹ ਮਦਦ ਨਹੀਂ ਕਰਦਾ ਤਾਂ ਇਹ ਉਦਾਸੀ ਦਾ ਕਾਰਣ ਹੈ। ਕਿਉਂ ਜੋ ਭਗਵਾਨ ਸ਼੍ਰੀ ਸਤਿਆ ਸਾਈ ਬਾਬਾ ਇਹ ਕਹਿੰਦੇ ਹਨ ਉਹ ਹੱਥ ਜਿਹੜੇ ਦੂਜਿਆਂ ਦੀ ਮਦਦ ਕਰਦੇ ਹਨ ਉਨ੍ਹਾਂ ਬੁੱਲਾਂ ਤੋਂ ਚੰਗੇ ਹਨ ਜਿਹੜੇ ਭਗਵਾਨ ਨੂੰ ਪ੍ਰਾਰਥਨਾ ਕਰਦੇ ਹਨ॥13॥

कस्य वशे प्राणिगणः सत्यप्रियभाषिणो विनीतस्य ।
क्व स्थातव्यं न्याय्ये पथि दृष्टादृष्टलाभाढ्ये ॥१४॥

ਕਸਿਆ ਵਸ਼ੇ ਪ੍ਰਾਣੀ -ਗਜ਼ਾ ਸਤਿਆ ਪ੍ਰਿਆ ਭਾਸ਼ਿਨੋ ਵਨੀਤੱਸਿਆਕਵਾ
ਸਥਾਤਵਿਯਮ ? ਨਯਾਏਪਥੀ -ਦ੍ਰਿਸ਼ਟਾ ਦ੍ਰਿਸ਼ਟ.ਲਾਭਦਏ॥14॥

ਪ੍ਰਸ਼ਨ: ਸਾਰੇ ਜੀਵ ਕਿਹਦੀ ਮੋਹਣ ਸ਼ਕਤੀ ਕਾਰਣ ਰਹਿੰਦੇ ਹਨ?

ਉੱਤਰ: ਸਾਰੇ ਜੀਵ ਉਹ ਮੋਹਣ ਸ਼ਕਤੀ ਦੇ ਹੇਠਾਂ ਰਹਿੰਦੇ ਹਨ ਜਿਹੜਾ ਮਿੱਠੇ ਢੰਗ ਨਾਲ ਅਤੇ ਹਲੀਮੀ ਨਾਲ ਸਚ ਬੋਲਦਾ ਹੈ।

ਪ੍ਰਸ਼ਨ: ਮਨੁੱਖ ਨੂੰ ਕਿਸ ਤਰ੍ਹਾਂ ਦੀ ਹਾਲਤ ਵਿੱਚ ਰਹਿਣਾ ਚਾਹੀਦ ਾਹੈ?

ਉੱਤਰ: ਮਨੁੱਖ ਨੂੰ ਧਰਮ ਦੇ ਰਸਤੇ ਤੇ ਰਹਿਣਾ ਚਾਹੀਦਾ ਹੈ ਜਿਹੜਾ ਰਸਤਾ, ਸੰਸਾਰ ਲਈ ਅਤੇ ਮਰਨ ਤੋਂ ਬਾਦ ਲਾਭਦਾਇਕ ਹੋਵੇ।

ਇਸ ਸ਼ਲੋਕ ਵਿੱਚ, ਚੰਗੇ ਭਾਸ਼ਣ ਦੀ ਮਹੱਤਤਾ ਉੱਤੇ ਚਾਨਣਾ ਪਾਇਆ ਹੋਇਆ ਹੈ। ਮਨੁੱਖ ਕਿਸ ਦੀ ਮੋਹਨ ਸ਼ਕਤੀ ਦੇ ਹੇਠਾਂ ਰਹਿ ਰਿਹਾ ਹੈ, ਦਾ ਉੱਤਰ ਹੈ ਕਿ ਜਿਹੜਾ ਮਨੁੱਖ ਦਾ ਮਾਨ ਕਰਦਾ ਹੈ, ਸੱਚਾ ਹੈ ਅਤੇ ਹਲੀਮੀ ਨਾਲ ਗਲ ਕਰਦਾ ਹੈ। ਇਹ ਤਿੱਨ ਕਿਸਮ ਦੇ ਭਾਸ਼ਣ ਵਿਵਹਾਰ, ਮਨੁੱਖ ਦੇ ਰੋਜਾਨਾ ਜੀਵਨ ਲਈ ਅਤੇ ਅੱਧਿਆਤਮਿਕ ਜੀਵਨ ਲਈ ਜਰੂਰੀ ਹਨ। ਕਨੱੜ ਭਾਸ਼ਾ ਦੀ ਇਕ ਕਹਾਵਤ ਹੈ ਕਿ ਮਨੁੱਖ ਦਾ ਭਾਸ਼ਣ, ਮੌਤੀਆਂ ਦੀ ਤਰ੍ਹਾਂ ਹੋਣਾ ਚਾਹੀਦਾ ਹੈ। ਇਸ ਦੇ ਨਾਲ ਨਾਲ, ਇਕ ਢੁੱਕਵੀਂ ਮਿਸਾਲ ਦਿੱਤੀ ਹੈ ਕਿ ਮਨੁੱਖ ਨੂੰ ਜੀਵਨ ਵਿੱਚ ਕਿਹੜਾ ਰਸਤਾ ਅਪਨਾਉਣਾ ਚਾਹੀਦਾ ਹੈ, ਉਸ ਦੇ ਉੱਤਰ ਵਿੱਚ ਕਿਹਾ ਗਿਆ ਹੈ ਕਿ ਮਨੁੱਖ ਨੂੰ ਠੀਕ ਰਸਤਾ ਅਪਨਾਉਣਾ ਚਾਹੀਦਾ ਹੈ ਜਿਹੜਾ ਹੁਣ ਦੇ ਜੀਵਨ ਵਿੱਚ ਅਤੇ ਮਰਨ ਤੋਂ ਬਾਅਦ ਫਾਇਦੇਮੰਦ ਹੈ। ਇਸ ਕਥਨ ਉੱਤੇ ਵੀ ਜੋਰ ਦਿੱਤਾ ਗਿਆ ਹੈ ਕਿ ਮਨੁੱਖ ਨੂੰ ਧਰਮ ਦੀ ਰਾਹ ਤੇ ਚਲਣਾ ਚਾਹੀਦਾ ਹੈ। ॥14॥

कोऽन्धो योऽकार्यरतः को बधिरो यो हितानि न श्रृणोति ।
को मूको यः काले प्रियाणि वक्तुं न जानाति ॥१५॥

ਕੋ ਅੰਧੋ? ਯੋ ਅਕਾਰਿਆਤਹ ਕੋ ਵਧਿਰੋ? ਯੋ ਹਤਾਨੀ ਨਾ ਸ਼ੁਰੋਂਤੀ
ਖੋ ਮੂਕੋ? ਯੋ ਕਾਲੇ ਪਰਿਆਣੀ ਵਕਤੁਮ ਨਾ ਜਾਨਾਤਿ॥15॥

ਪ੍ਰਸ਼ਨ: ਅੰਨ੍ਹਾ ਕਿਸ ਨੂੰ ਕਹਿੰਦੇ ਹਨ?
ਉੱਤਰ: ਅੰਨ੍ਹਾ ਉਹ ਹੈ ਜਿਹੜਾ ਹਰ ਕਰਮ ਗਲਤ ਕਰਦਾ ਹੈ।
ਪ੍ਰਸ਼ਨ: ਬੋਲਾ ਕੋਣ ਹੈ?

ਉੱਤਰ: ਜਿਹੜਾ ਚੰਗੇ ਵਿਚਾਰਾਂ ਵੱਲ ਧਿਆਨ ਨਹੀਂ ਦਿੰਦਾ।

ਪ੍ਰਸ਼ਨ: ਗੁੰਗਾ ਕੌਣ ਹੈ?

ਉੱਤਰ: ਜਿਹੜਾ ਇਹ ਨਹੀਂ ਜਾਣਦਾ ਕਿ ਜਦ ਜਰੂਰਤ ਹੋਵੇ, ਕਿਵੇਂ ਪਿਆਰ ਨਾਲ ਬੋਲਣਾ ਚਾਹੀਦਾ ਹੈ।

ਇਹ ਸਪੱਸ਼ਟ ਪ੍ਰਸ਼ਨ ਅਤੇ ਉੱਤਰ ਮਨੁੱਖ ਨੂੰ ਸੁਚੇਤ ਕਰਨ ਦੇ ਪ੍ਰਤੀਕ ਹਨ। ਮਨੁੱਖ, ਜਿਹੜਾ ਬੁਰੇ ਕਰਮ ਕਰਦਾ ਹੈ ਉਹ, ਇਸ ਲਈ ਅੰਨ੍ਹਾ ਹੈ ਕਿਉਂ ਜੋ ਜੇ ਉਸ ਦੀ ਅੱਖਾਂ ਦੀ ਅਤੇ ਮਨ ਦੀ ਰੌਸ਼ਨੀ ਹੋਵੇ ਤਾਂ ਉਹ ਕਦੇ ਵੀ ਗਲਤ ਕਰਮ ਨਾ ਕਰੇ। ਮਨ ਦੇ ਹੁਕਮ ਦੇ ਮੁਤਾਬਕ ਹੀ ਪੰਜ ਇੰਦ੍ਰੀਆਂ ਦੇ ਅੰਗ ਕੰਮ ਕਰਦੇ ਹਨ। ਇਸ ਲਈ ਜੇ ਅੰਤਰ ਦ੍ਰਿਸ਼ਟੀ ਮਨ ਨੂੰ ਕੰਟਰੋਲ ਵਿੱਚ ਰੱਖੇ, ਮਨ ਇੰਦ੍ਰੀਆਂ ਨੂੰ ਕੰਟਰੋਲ ਵਿੱਚ ਰੱਖੇ ਤਾਂ ਉਹ ਠੀਕ ਰਸਤਾ ਇਖਤਿਆਰ ਕਰਕੇ, ਸਚਾਈ ਦੇ ਰਸਤੇ ਚਲਣਗੀਆਂ, ਚੰਗਾ ਸੁਣਨਗੀਆਂ। ਉਸੇ ਤਰ੍ਹਾਂ ਉਹੀ ਮਨੁੱਖ ਬੋਲਾ ਹੈ ਜਿਹੜਾ ਚੰਗੇ ਸ਼ਬਦਾਂ ਅਤੇ ਚੰਗੇ ਵਿਚਾਰਾਂ ਵੱਲ ਰੱਤੀ ਧਿਆਨ ਨਹੀਂ ਦਿੰਦਾ। ਉਹੀ ਮਨੁੱਖ ਗੁੰਗਾ ਹੈ ਜਿਸ ਨੂੰ ਇਹ ਨਹੀਂ ਪਤਾ ਕਿ ਪਿਆਰ ਨਾਲ ਕਿਵੇਂ ਗਲ ਕੀਤੀ ਜਾਂਦੀ ਹੈ। ਇਹ ਤਿੱਨੋਂ ਪ੍ਰਸ਼ਨਾਂ ਦਾ ਸੰਬੰਧ ਭੌਤਿਕ ਸਰੀਰ ਨਾਲ ਨਹੀਂ ਹੈ ਪਰ ਇਨ੍ਹਾਂ ਦਾ ਸੰਬਧ, ਮਾਨਸਿਕ ਜਾਂ ਫਿਲਾਸੀਫਿਕਲ ਹੈ॥15॥

किं दानमनाकांक्षं किं मित्रं यो निवारयति पापात् ।
कोऽलङ्कारः शीलं किं वाचां मण्डनं सत्यम् ॥१६॥

ਕਿਮ ਦਾਨਮ? ਅੱਨਾ ਕਾਂਗਸ਼ਮ ਕਿਮ ਮਿਤ੍ਰਮ?ਯੋ ਨਿਵਾਰਤੀ ਪਾਪਾਤ ਕੋ ਅਲੰਕਾਰਾ ?ਸ਼ੀਲਮ , ਕਿੰਮ ਵਾਚਮ ਮੰਡਨਮ? ਸਤਿਅਮ॥16॥

ਪ੍ਰਸ਼ਨ: ਦਾਨ /ਖਿਰਾਤ ਦਾ ਕੀ ਅਰਥ ਹੈ?

ਉੱਤਰ: ਦਾਨ ਜਾਂ ਖੈਰਾਤ ਉਹ ਹੈ ਜੋ ਬਿਨਾਂ ਮੰਗੇ ਦਿੱਤੀ ਜਾਂਦੀ ਹੈ।

ਪ੍ਰਸ਼ਨ: ਮਿੱਤਰ ਕੌਣ ਹੁੰਦਾ ਹੈ?

ਉੱਤਰ: ਜਿਹੜਾ ਤੁਹਾਨੂੰ ਪਾਪ ਨਹੀਂ ਕਰਨ ਦਿੰਦਾ।

ਪ੍ਰਸ਼ਨ: ਸਜਾਵਟ ਕਿਸ ਨੂੰ ਕਹਿੰਦੇ ਹਨ?

ਉੱਤਰ: ਚਾਲ ਚਲਣ ਨੂੰ ਸਜਾਵਟ ਕਹਿੰਦੇ ਹਨ।

ਪ੍ਰਸ਼ਨ: ਸਾਨੂੰ ਕਿਸ ਤਰ੍ਹਾਂ ਦਾ ਬੋਲਣਾ ਚਾਹੀਦਾ ਹੈ?

ਉੱਤਰ: ਸੱਚ

ਸਾਰੇ ਗ੍ਰੰਥਾਂ ਵਿੱਚ, ਦਾਨ ਦੇਣ ਤੇ ਬਹੁਤ ਜੋਰ ਦਿੱਤਾ ਗਿਆ ਹੈ।ਇਹ ਅਮਾਨਤ ਰੱਖਣ ਦਾ ਪ੍ਰਤੀਕ ਹੈ।ਦੌਲਤ ਦਾ ਮਾਲਕ, ਦੌਲਤ ਨੂੰ ਪਵਿੱਤਰ ਅਮਾਨਤ ਮੰਨਦਾ ਹੈ ਅਤੇ ਉਸ ਦੌਲਤ ਨੂੰ ਕੇਵਲ ਆਪਣੀ ਮੌਜ ਨਹੀਂ ਮੰਨਦਾ।ਭਾਗਵਤ ਗੀਤਾ ਵਿੱਚ ਸਾਤਵਿਕ ਦਾਨ ਨੂੰ ਹੇਠ ਲਿਖੇ ਢੰਗ ਨਾਲ ਵਰਣਨ ਕੀਤਾ ਗਿਆ ਹੈ। :

ਪਵਿੱਤਰ ਦਾਨ ਉਹ ਹੈ ਜਿਹੜਾ ਬਿਨਾਂ ਇੱਛਾ ਕੀਤੇ, ਸਹੀ ਸਮੇਂ ਤੇ, ਸਹੀ ਸਥਾਨ ਤੇ ਕਿਸੇ ਜਰੂਰਤਮੰਦ ਨੂੰ ਦਿੱਤਾ ਜਾਂਦਾ ਹੈ।ਆਚਾਰਿਆ ਵੀ ਕਹਿੰਦੇ ਹਨ ਕਿ ਕਿਸੇ ਤੋਂ ਬਿਨਾਂ ਉਮੀਦ ਕੀਤੇ, ਉਸ ਨੂੰ ਦਾਨ ਦੇਣਾ ਚਾਹੀਦਾ ਹੈ।ਪ੍ਰਵਚਨਾਂ ਵਿੱਚ ਉਹ ਪ੍ਰਸ਼ਨ ਕਰਦੇ ਹਨ ਕਿ ਸੱਚਾ ਮਿੱਤਰ ਕੌਣ ਹੈ? ਉਸ ਦਾ ਉਹ ਜਵਾਬ ਦਿੰਦੇ ਹਨ ਕਿ ਸੱਚਾ ਮਿੱਤਰ

ਉਹ ਹੈ ਜਿਹੜਾ ਤੁਹਾਨੂੰ ਕੋਈ ਵੀ ਪਾਪ ਕਰਨ ਤੋਂ ਰੋਕਦਾ ਹੈ। ਉਹ ਤੁਹਾਨੂੰ ਸਹੀ ਰਸਤੇ ਤੇ ਚਲਣਾ ਸਖਾਏ ਅਤੇ ਤੁਹਾਨੂੰ ਚੰਗੇ ਕੰਮ ਕਰਨ ਲਈ ਉਤਸ਼ਾਹਿਤ ਕਰੇ। ਭਾਰਤੁਹਰੀ ਕਹਿੰਦੇ ਹਨ ਕਿ ਚੰਗਾ ਮਿੱਤਰ ਉਹ ਹੈ ਜਿਹੜਾ ਤੁਹਾਨੂੰ, ਪਾਪ ਕਰਨ ਤੋਂ ਰੋਕਦਾ ਹੈ, ਤੁਹਾਡੀਆਂ ਸਾਰੀਆਂ ਗੱਲਾਂ ਨੂੰ ਗੁਪਤ ਰੱਖਦਾ ਹੈ। ਚੰਗੇ ਗੁਣਾਂ ਨੂੰ ਸਾਂਝਾ ਕਰਦਾ ਹੈ ਅਤੇ ਬੁਰੇ ਸਮੇਂ ਵਿੱਚ ਤੁਹਾਡਾ ਸਾਥ ਨਹੀਂ ਛੱਡਦਾ ਅਤੇ ਹਮੇਸ਼ਾ ਤੁਹਾਡੀ ਮਦਦ ਕਰਦਾ ਹੈ। ਇਹ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਕਿ ਸ਼ਿੰਗਾਰ ਕੀ ਹੁੰਦਾ ਹੈ, ਕਿਹਾ ਕਿ ਸੰਸਾਰ ਦੀਆਂ ਚੀਜ਼ਾਂ ਅਸਥਾਈ ਹਨ ਅਤੇ ਉਨ੍ਹਾਂ ਦੀ ਕੋਈ ਮਹੱਤਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਮਨੁੱਖ ਦਾ ਚਰਿੱਤਰ ਹੀ ਉਸ ਦੀ ਸਜਾਵਟ ਹੈ। ਸਚਾਈ ਦੀ ਮਹੱਤਤਾ ਤੇ ਜੋਰ ਦਿੰਦੇ ਹੋਏ ਆਚਾਰਿਆ ਨੇ ਕਿਹਾ ਕਿ ਸੱਚ ਤੋਂ ਬਿਨਾਂ ਕਦੇ ਵੀ ਕੁੱਝ ਹੋਰ ਨਹੀਂ ਬੋਲਣਾ ਚਾਹੀਦਾ। ਇਹੀ ਭਾਰਤੀਆ ਦਾ ਸਿਧਾਂਤ ਵਾਕ ਹੈ ਅਰਥਾਤ ਸੱਚ ਦੀ ਹੀ ਹਮੇਸ਼ਾ ਜਿੱਤ ਹੁੰਦੀ ਹੈ॥16॥

विद्युद्विलसितचपलं किं दुर्जनसङ्गतिश्च सम्पच्च ।
कुलशीलनिष्प्रकम्पाः के कलिकालेऽपि सज्जना एव ॥१७॥

ਵਿਦਿਉਦ -ਵਿਲਾਸਤ-ਚਪਲਮ ਕਿੰਮ? ਦੁਰਜਨਸੰਗਤੀਰਯੁਵਤਯਸ਼ਚ
ਕੁਲਾਸ਼ੀਲ-ਨਿਸ਼ਪ੍ਰਕੰਪਾ ਕੇ ਕਾਲਿਕਾਲੇਪੀ? ਸ਼ੱਜਨ ਏਵ॥17॥

ਪ੍ਰਸ਼ਨ: ਬਿਜਲੀ ਦੀ ਚਮਕ ਤੋਂ ਵੀ ਘੱਟ ਸਮੇਂ ਤਾਈਂ ਰਹਿਣ ਵਾਲੀ ਕਿਹੜੀ ਚੀਜ ਹੋਣੀ ਚਾਹੀਦੀ ਹੈ?

ਉੱਤਰ: ਬੁਰੇ ਲੋਕਾਂ ਦੀ ਸੰਗਤ ਅਤੇ ਜਵਾਨ ਲੜਕੀਆਂ ਨਾਲ ਮੌਜ ਮੇਲਾ।

ਪ੍ਰਸ਼ਨ: ਇਹ ਕਲਯੁੱਗ ਵਿੱਚ ਉਹ ਕੌਣ ਹੈ ਜਿਹੜਾ ਪਰਿਵਾਰ ਦੀ ਇਜੱਤ ਬਚਾਉਣ ਅਤੇ ਸਦਾਚਾਰ ਰੱਖਣ ਲਈ ਕੋਸ਼ਿਸ਼ ਕਰਦਾ ਹੈ?

ਉੱਤਰ: ਕੇਵਲ ਚੰਗਾ ਮਨੁੱਖ।

ਬਿਜਲੀ ਦੇ ਲਿਸ਼ਕਾਰੇ ਦਾ ਸ਼ਬਦ, ਥੋੜੀ ਦੇਰ ਦੇ ਅਸਰ ਲਈ ਪ੍ਰਯੋਗ ਕੀਤਾ ਜਾਂਦਾ ਹੈ। ਬੁਰੇ ਲੋਕਾਂ ਦਾ ਸਾਥ ਅਤੇ ਜਵਾਨ ਲੜਕੀਆਂ ਨਾਲ ਮੌਜ ਮੇਲਾ ਕਰਨਾ, ਇਸ ਨਾਲ ਤੁਲਨਾ ਕਰਨ ਦੇ ਬਰਾਬਰ ਹੈ। ਕਰੁਤਾ ਯੁੱਗ ਨੂੰ ਧਰਮ ਯੁਗ ਕਿਹਾ ਗਿਆ ਹੈ, ਇਹ ਧਰਮ ਤ੍ਰੇਤਾ ਯੁੱਗ ਵਿੱਚ ਘਟ ਗਿਆ ਅਤੇ ਇਹ ਦੁਆਪਰ ਯੁਗ ਵਿੱਚ ਹੋਰ ਘੱਟ ਗਿਆ ਅਤੇ ਕਲ-ਯੁਗ ਵਿੱਚ ਧਰਮ ਦੀ ਪਾਲਣਾ ਕਰਨਾ ਸਭ ਤੋਂ ਨੀਵੇਂ ਸਥਾਨ ਤੇ ਆ ਗਿਆ। ਚੰਗੇ ਆਚਰਣ ਦੀ ਮਹੱਤਤਾ ਦਿੰਦੇ ਹੋਏ ਆਚਾਰਿਆ ਨੇ ਦੱਸਿਆ ਕਿ ਕੇਵਲ ਚੰਗੇ ਲੋਕ ਹੀ ਹਨ ਜਿਹੜੇ ਕਲ-ਯੁਗ ਵਿੱਚ ਧਰਮ ਦੇ ਰਸਤੇ ਤੇ ਚਲਣ ਲਈ ਕੋਸ਼ਿਸ਼ ਕਰਦੇ ਹਨ। ਮਾੜੇ ਲੋਕਾਂ ਦੀ ਸੰਗਤ, ਸ਼ੁਰੂ ਵਿੱਚ ਉਸੇ ਤਰ੍ਹਾਂ ਦਾ ਆਰਾਮ ਦਿੰਦੀ ਹੈ ਜਿਹੜਾ ਆਰਾਮ ਸਵੇਰ ਦੀਆਂ ਸੂਰਜ ਦੀਆਂ ਕਿਰਣਾਂ ਦਿੰਦੀਆਂ ਹਨ। ਦੁਪਹਿਰ ਨੂੰ ਸੂਰਜ ਸ਼ਕਤੀਸ਼ਾਲੀ ਹੁੰਦਾ ਹੈ। ਇਹ ਸੂਰਜ ਦੀ ਗਰਮੀ ਚਮੜੀ ਨੂੰ ਜਲਾ ਦਿੰਦੀ ਹੈ। ਪਰ ਚੰਗੇ ਲੋਕਾਂ ਦੀ ਸੰਗਤ ਗਰੂਬ ਹੁੰਦੇ ਸੂਰਜ ਦੀ ਤਰ੍ਹਾਂ ਹੁੰਦੀ ਹੈ ਜਿਹੜੀ ਗਰਮੀ ਦੇ ਮੁੱਖ ਦਬਾਉ ਨੂੰ ਬਰਦਾਸ਼ਤ ਕਰਦੀ ਹੈ ਅਤੇ ਗਰਮੀ ਨੂੰ ਗਰੂਬ ਹੋਣ ਤਾਈਂ, ਠੰਡੀ ਕਰ

ਦਿੰਦੀ ਹੈ।ਇਸ ਲਈ ਮਨੁੱਖ ਨੂੰ ਬੁਰੀ ਸੰਗਤ ਤੋਂ ਚੌਕਸ ਰਹਿਣਾ ਚਾਹੀਦਾ ਹੈ ਅਤੇ ਨੌਜਵਾਨ ਲੜਕੀਆਂ ਨਾਲ ਮੌਜ ਮੇਲਾ ਕਰਨ ਤੋਂ ਬਚਣਾ ਚਾਹੀਦਾ ਹੈ॥17॥

दानं प्रियवाक्सहितं ज्ञानमगर्वं क्षमान्वितं शौर्यम् ।
वित्तं त्यागसमेतं दुर्लभमेतच्चतुर्भद्रम् ॥१८॥

ਦਾਨਮ ਪ੍ਰਿਆ ਵਾਕਿਆ ਸਹਿੰਤਮ ਗਿਆਨਮ-ਗਰਵਮ ਕਸ਼ਮਾ ਨਿਵੱਤਮ ਸ਼ੌਰਯਮਵਿਤਮ ਤਿਆਗ-ਸਮੇਤਮ ਦੁਰਲਭ -ਮੇਤਚਤੁਰ - ਭਦਰਮ॥18॥

ਚਾਰ ਸ਼ੁੱਭ ਚੀਜਾਂ ਜਿਨ੍ਹਾਂ ਉਤੇ ਬਾਰ-ਬਾਰ ਜ਼ੋਰ ਦੇਣਾ ਚਾਹੀਦਾ ਹੈ, ਉਹ ਹਨ:

ੳ) ਮਿੱਠੇ ਅਤੇ ਪਿਆਰ ਭਰੇ ਸ਼ਬਦਾਂ ਨਾਲ ਕਿਸੇ ਨੂੰ ਦਾਨ ਜਾਂ ਭਿਕਸ਼ਾ ਦੇਣਾ।

ਅ) ਬਿਨਾਂ ਹੰਕਾਰ ਤੋਂ ਗਿਆਨ।

ੲ) ਸਹਿਣਸ਼ੀਲਤਾ ਨਾਲ ਬਹਾਦਰੀ।

ਸ) ਧਨ ਦੌਲਤ ਹੋਣ ਦੇ ਨਾਲ-ਨਾਲ ਦਾਨ ਦੀ ਵਿਵਸਥਾ।

ਅਸਲ ਵਿੱਚ ਇਹ ਸਾਰੇ ਦੁਰਲੱਭ ਹਨ।

ਹੋਰ ਗੁਣਾਂ ਦਾ ਸਮੂਹ (ਇਕੱਠ) ਜਿਨ੍ਹਾਂ ਦੀ ਸਾਨੂੰ ਸਰਾਹਨਾ ਕਰਨੀ ਚਾਹੀਦੀ ਹੈ, ਉਹ ਹਨ ਹੰਕਾਰ ਤੋਂ ਬਿਨਾਂ ਗਿਆਨ, ਸਹਿਨਸ਼ੀਲਤਾ ਨਾਲ ਬਹਾਦਰੀ, ਦੌਲਤ ਦੇ ਨਾਲ ਨਾਲ ਦਾਨ ਕਰਨਾ।ਅਸੀਂ ਆਪਣੇ

ਜੀਵਨ ਵਿੱਚ ਕਈ ਇਸ ਤਰ੍ਹਾਂ ਦੇ ਗਿਆਨੀ ਲੋਕਾਂ ਨੂੰ ਮਿਲਦੇ ਹਾਂ ਜਿਹੜੇ ਕਹਿੰਦੇ ਹਨ ਕਿ ਮੇਰੇ ਤੋਂ ਹੋਰ ਕੋਈ ਵੱਡਾ ਗਿਆਨੀ ਨਹੀਂ ਹੈ ਅਤੇ ਉਨ੍ਹਾਂ ਅੰਦਰ ਇਹ ਹਲੀਮੀ ਨਾਲ ਬਰਦਾਸ਼ਤ ਕਰਨ ਦੀ ਸ਼ਕਤੀ ਨਹੀਂ ਕਿ ਉਨ੍ਹਾਂ ਤੋਂ ਵੀ ਕੋਈ ਹੋਰ ਵੱਡਾ ਗਿਆਨੀ ਹੈ। ਇਸ ਲਈ, ਹੰਕਾਰ ਨੂੰ ਸਮਾਪਤ ਕਰਨਾ ਬਹੁਤ ਜਰੂਰੀ ਹੈ। ਮਹਾਨ ਬਹਾਦਰ ਲੋਕ ਤੁਹਾਨੂੰ ਲੜਾਈ ਦੇ ਮੈਦਾਨ ਵਿੱਚ ਜਿੱਤ ਦੁਆਉਂਦੇ ਹਨ। ਜੇ ਬਹਾਦਰੀ ਵਿੱਚ ਖਿਮਾ ਭਾਵਨਾ ਵੀ ਹੋਵੇ ਤਾਂ ਬਹਾਦਰੀ ਵਿੱਚ ਹੋਰ ਚਮਕ ਆਉਂਦੀ ਹੈ। ਇਤਿਹਾਸ ਇਸ ਤਰ੍ਹਾਂ ਦੀਆਂ ਕਈ ਉਦਾਹਰਣਾਂ ਨਾਲ ਭਰਿਆ ਹੋਇਆ ਹੈ, ਜਿਹਦੇ ਵਿੱਚ ਬਹਾਦਰ ਲੜਾਕੂਆਂ ਨੇ ਦੇਸ਼ ਜਿੱਤੇ ਹਨ, ਹਰਾ ਕੇ ਉਨ੍ਹਾਂ ਦਾ ਵਿਨਾਸ਼ ਕੀਤਾ ਹੈ, ਮਹਿਲਾਵਾਂ ਅਤੇ ਧਨ ਨੂੰ ਲੁੱਟਿਆ ਹੈ ਅਤੇ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਹੈ। ਇਨ੍ਹਾਂ ਵਿੱਚੋਂ ਕਈ ਵਿਜੇਤਾਵਾਂ ਨੂੰ ਲੋਕ ਭੁੱਲ ਗਏ ਹਨ ਅਤੇ ਉਨ੍ਹਾਂ ਦਾ ਨਾਂ ਕੇਵਲ ਕਿਤਾਬਾਂ ਵਿੱਚ ਹੀ ਰਹਿ ਗਿਆ ਹੈ ਪਰ ਜਿਨ੍ਹਾਂ ਬਹਾਦਰ ਲੋਕਾਂ ਵਿੱਚ ਖਿਮਾ ਭਾਵਨਾ ਸੀ, ਉਹ ਹੁਣ 2000 ਸਾਲਾਂ ਤੋਂ ਬਾਦ ਵੀ ਯਾਦ ਕੀਤੇ ਜਾਂਦੇ ਹਨ। ਮਹਾਰਾਜਾ ਅਸ਼ੋਕ ਜਿਹੜੇ ਮੋਰਿਆ ਦੇ ਤੀਜੇ ਸ਼ਹਿਨਸ਼ਾਹ ਸਨ ਉਨ੍ਹਾਂ ਦੂਜਿਆਂ ਨੂੰ ਹਰਾਇਆ ਅਤੇ ਖਿਮਾ ਨਾਲ ਸਬਕ ਸਿਖਾਇਆ। ਉਹ ਜਦ ਭਾਰਤੀ ਪ੍ਰਾਈਦੀਪ ਉੱਤੇ ਰਾਜ ਕਰ ਰਹੇ ਸਨ ਤਾਂ ਉੱਥੋਂ ਖਿਮਾ ਕਰਨ ਦਾ ਸਬਕ ਸਿਖਿਆ। ਕਲਿੰਗਾ ਦੀ ਲੜਾਈ ਜਿੱਤਣ ਤੋਂ ਬਾਅਦ ਅਸੋਕ ਰਾਜਾ ਨੇ ਲੜਾਈ ਦੇ ਮਾੜੇਪਨ ਨੂੰ ਮਹਿਸੂਸ ਕੀਤਾ ਅਤੇ ਸ਼ਾਂਤੀ ਦਾ ਦੂਤ ਬਣ ਗਿਆ ਅਤੇ ਸ਼ਾਂਤੀ ਦੇ ਮਨੁੱਖੀ ਮੁੱਲਾਂ ਬਾਰੇ ਪ੍ਰਚਾਰ ਕੀਤਾ ਅਤੇ ਉਸ ਨੂੰ ਭਗਵਾਨ ਦਾ

ਪਿਆਰਾ ਕਿਹਾ ਜਾਂਦਾ ਹੈ ਅਤੇ ਸਾਰਿਆਂ ਨਾਲ ਪਿਆਰ ਕਰਨ ਵਾਲਾ ਮੰਨਿਆ ਜਾਂਦਾ ਹੈ। ਦੂਜੀ ਪ੍ਰਸ਼ੰਸਾ ਕਰਨ ਵਾਲੀ ਇਹ ਗੱਲ ਹੁੰਦੀ ਹੈ ਜਿਸ ਵਿੱਚ ਇਕ ਅਮੀਰ ਮਨੁੱਖ ਵਿੱਚ ਦਾਨ ਕਰਨ ਦਾ ਗੁਣ ਹੁੰਦਾ ਹੈ। ਕਵੀ ਕਾਲੀਦਾਸ ਨੇ ਰਘੂ ਖਾਨਦਾਨ ਦੇ ਮਹਾਰਾਜਿਆਂ ਦੇ ਗੁਣਾਂ ਦਾ ਵਰਣਨ ਮਹਾਕਾਵਿ ਦੇ ਅਧਿਆਇ ਵਿੱਚ ਇਸ ਤਰ੍ਹਾਂ ਕੀਤਾ ਹੈ ਕਿ:

ਗਿਆਨੀ ਲੋਕਾਂ ਦੇ ਇੱਕਠ ਵਿੱਚ, ਮਨੁੱਖ ਨੂੰ ਸ਼ਾਂਤ ਵਾਤਾਵਰਣ ਰੱਖਣਾ ਚਾਹੀਦਾ ਹੈ। ਉਸੇ ਤਰ੍ਹਾਂ ਜੇ ਕਿਸੇ ਕੋਲ ਕਿਸੇ ਨੂੰ ਸਜਾ ਦੇਣ ਦੀ ਸ਼ਕਤੀ ਹੈ ਤਾਂ ਉਸ ਨੂੰ, ਮਨੁੱਖ ਨੂੰ ਖਿਮਾ ਕਰਨ ਦੀ ਸ਼ਕਤੀ ਦਾ ਵੀ ਪ੍ਰਯੋਗ ਕਰਨਾ ਚਾਹੀਦਾ ਹੈ। ਭਾਵੇਂ ਤੁਹਾਡੇ ਅੰਦਰ ਤਿਆਗ ਭਾਵਨਾ ਹੋਵੇਂ ਪਰ ਜੇ ਕੋਈ ਤੁਹਾਡੀ ਪ੍ਰਸ਼ੰਸਾ ਕਰਦਾ ਹੈ ਤਾਂ ਉਸ ਵਲ ਧਿਆਨ ਨਾ ਦਿਓ। ਰਘੁਵੰਸ਼ ਦੇ ਖੂਨ ਵਿੱਚ ਇਹ ਗੁਣ ਬਹੁਤ ਮਾਤਰਾ ਵਿੱਚ ਮੌਜੂਦ ਸਨ। ਆਚਾਰਿਆ ਜੀ ਕਹਿੰਦੇ ਹਨ ਕਿ ਉੱਪਰ ਦੱਸੇ ਚਾਰ ਗੁਣ, ਵਿਰਲੇ ਲੋਕਾਂ ਵਿੱਚ ਹੀ ਹੁੰਦੇ ਹਨ॥18॥

विद्वन्मनोहरा का सत्कविता बोधवनिता च ।
कं न स्पृशति विपत्तिः प्रवृद्धवचनानुवर्तिनं दान्तम् ॥१९॥

ਵਿਦਵਨ-ਮਨੋਹਰਾ ਕਾ ? ਸਤਕਵਿਤਾ ਬੋਧਵਨਿਤਾ ਚ
ਕੰਮ ਨਾ ਸਪਰੁਸ਼ਤੀ ਬਿਪਤੀ? ਪ੍ਰਵਰੁਧ-ਵਚਨਾ -ਨੁਵਰਤਿਨਮ ਦਾਂਤਮ॥19॥

ਪ੍ਰਸ਼ਨ: ਗਿਆਨੀ ਕਿਹੜੀ ਚੀਜ ਨਾਲ ਖਿੱਚਿਆ ਜਾਂਦਾ ਹੈ?

ਉੱਤਰ: ਉਤਮ ਕਵਿਤਾ ਅਤੇ ਬੁਧੀਮਾਨ ਮਹਿਲਾ

ਪ੍ਰਸ਼ਨ: ਉਹ ਕੌਣ ਹੈ ਜਿਹੜਾ ਬੁਰੇ ਸਮੇਂ ਤੋਂ ਨਹੀਂ ਘਗਰਾਉਂਦਾ?

ਉੱਤਰ: ਉਹ ਮਨੁੱਖ ਜਿਸ ਨੇ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾਇਆ ਹੈ ਅਤੇ ਆਪਣੇ ਗੁਰੂ ਦੀ ਇੱਨ ਬਿੱਨ ਪਾਲਣਾ ਕਰਦਾ ਹੈ।

ਆਚਾਰਿਆ ਹਰ ਤਰ੍ਹਾਂ ਦੀ ਸ਼ਖਸ਼ੀਅਤ ਦਾ ਹਵਾਲਾ ਦੇ ਕੇ ਉਹ ਸੱਮਸਿਆਵਾਂ ਦਾ ਹੱਲ ਦਸਦੇ ਹਨ ਜਿਹੜੀਆਂ ਆਦਰਸ਼ਨਿਕ ਹੁੰਦੀਆਂ ਹਨ।ਫਾਈਨ ਆਰਟ, ਕਵਿਤਾ ਅਤੇ ਸੰਗੀਤ, ਸ਼ੁੱਧਤਾ ਦੇ ਪ੍ਰਤੀਕ ਹਨ।ਇਸ ਸੰਬੰਧ ਵਿੱਚ ਭਰਤਰੁਹਰੀ ਦੀ ਨੀਤੀ ਸ਼ਕਤਮ ਵਿੱਚ ਦਿੱਤੇ ਸ਼ਬਦਾਂ ਨੂੰ ਯਾਦ ਕੀਤਾ ਜਾ ਸਕਦਾ ਹੈ।ਜਿੱਥੇ ਚੰਗੀ ਕਵਿਤਾ ਹੋਵੇ ਉੱਥੇ ਰਿਆਸਤ ਦਾ ਕੀ ਲਾਭ ਹੈ।ਇਕ ਹੋਰ ਮਹਾਨ ਕਵੀ ਮੋਮਟਾ ਆਪਣੇ ਕਾਵਿਆ ਪ੍ਰਕਾਸ਼ ਵਿੱਚ ਕਹਿੰਦੇ ਹਨ ਕਿ ਕਵਿਤਾ ਅਤੇ ਉੱਤਮ ਆਨੰਦ, ਭਰਾਵਾਂ ਦੀ ਤਰ੍ਹਾਂ ਹਨ।ਇਸ ਲਈ ਚੰਗੀ ਕਵਿਤਾ ਅਤੇ ਬੁੱਧੀਮਾਨ ਮਹਿਲਾਵਾਂ ਨਾਲ ਵਾਰਤਾਲਾਪ, ਗਿਆਨੀ ਮਨੁੱਖਾਂ ਨੂੰ ਆਪਣੇ ਵਲ ਖਿੱਚਦੇ ਹਨ।ਆਚਾਰਿਆ ਕਹਿੰਦੇ ਹਨ ਕਿ ਜਿਸ ਮਨੁੱਖ ਨੇ ਆਪਣੀਆਂ ਇੰਦ੍ਰੀਆਂ ਉੱਤੇ ਕਾਬੂ ਪਾਇਆ ਹੈ ਉਸ ਨੇ ਆਪਣੇ ਗੁਰੂ ਦੀ ਸਿੱਖਿਆ ਦੀ ਇੱਨ ਬਿੱਨ ਪਾਲਣਾ ਕੀਤੀ ਹੈ।ਉਸ ਉੱਤੇ ਬੁਰੇ ਸਮੇਂ ਦਾ ਕੋਈ ਅਸਰ ਨਹੀਂ ਹੁੰਦਾ।ਫਿਰ ਵੀ ਇਹ ਕਥਨ ਦੇ ਕੁੱਝ ਅਪਵਾਦ ਵੀ ਹਨ ਜਿਵੇਂ ਜੰਮਦੇ ਬੱਚੇ ਦੇ ਇਰਦ ਗਿਰਦ ਮਾਲਾ ਦਾ ਹੋਣਾ, ਪਿਛਲੇ ਜਨਮਾਂ ਦੇ ਕਰਮਾਂ ਦਾ ਇਕੱਠ, ਇਸ ਜਨਮ ਵਿੱਚ

ਕੀਤੇ ਕਰਮ ਅਤੇ ਉਹ ਕਰਮ ਜਿਹੜੇ ਅਗਲੇ ਜਨਮ ਵਿੱਚ ਨਾਲ ਜਾਣੇ ਹਨ॥19॥

कस्मै स्पृहयति कमला तु अनलसचित्ताय नीतिवृत्ताय ।
त्यजति च कं सहसा पितृगुरुसुरनिन्दाकरं च सालस्यम् ॥२०

ਕਸਮੇ ਸਪ੍ਰਿਹਤੀ ਕਮਲਾ? ਤਵੰਨਲਸ-ਚਿਤਾਏਨੀਤੀ ਵ੍ਰਿਤਿਆ
ਤਿਅੱਜਤੀ ਚ ਕੰਮ ਸਹਿਸਾ? ਦਵਿਜਾ-ਗੁਰੂ-ਸੁਰਾ ਨਿੰਦਕਾਰਮ ਚ ਸਾਲਸਿਅਮ॥20॥

ਪ੍ਰਸ਼ਨ: ਧਨ ਦੀ ਦੇਵੀ (ਲਕਸ਼ਮੀ) ਕਿਸ ਉੱਤੇ ਕਿਰਪਾ ਕਰਦੀ ਹੈ?
ਉੱਤਰ: ਉਹ ਮਨੁੱਖ ਜਿਹੜਾ ਸੁਸਤ ਨਾ ਹੋਵੇ ਅਤੇ ਨਿਯਮਾਂ ਦੀ ਪਾਲਣਾ ਕਰਦਾ ਹੋਵੇ।
ਪ੍ਰਸ਼ਨ: ਧਨ ਦੀ ਦੇਵੀ ਲਕਸ਼ਮੀ ਕਿਸ ਨੂੰ ਛੱਡ ਕੇ ਚਲੀ ਜਾਂਦੀ ਹੈ?
ਉੱਤਰ: ਜਿਹੜੇ ਮਨੁੱਖ ਗਿਆਨੀਆਂ ਅਤੇ ਗੁਰੂ ਦੀ ਬੇਇਜੱਤੀ ਕਰਦੇ ਹਨ ਅਤੇ ਜਿਹੜੇ ਸੁਸਤ ਹੁੰਦੇ ਹਨ।

ਹਿੰਦੂ ਧਰਮ ਵਿੱਚ ਤ੍ਰੀ ਦੇਵੀਆਂ ਹਨ, ਲਕਸ਼ਮੀ (ਧਨ ਦੀ ਦੇਵੀ), ਸਰਸਵਤੀ (ਵਿੱਦਿਆ ਦੀ ਦੇਵੀ) ਅਤੇ ਦੁਰਗਾ (ਸ਼ਕਤੀ ਦੀ ਦੇਵੀ)। ਉਹ ਕ੍ਰਮਵਾਰ ਤ੍ਰੀ ਦੇਵਤਾ, ਵਿਸ਼ਨੂੰ, ਬ੍ਰਹਮਾ ਅਤੇ ਸ਼ਿਵ ਦੀਆਂ ਪਤਨੀਆਂ ਹਨ। ਜਿਹੜੇ ਕ੍ਰਮਵਾਰ ਰਕਸ਼ਾ, ਪੈਦਾ ਅਤੇ ਵਿਨਾਸ਼ ਕਰਨ ਵਾਲੇ ਹਨ। ਹਰ ਇਕ ਦੀ ਕੁਦਰਤ ਵੱਲੋਂ ਹੀ ਇੱਛਾ ਹੈ ਕਿ ਉਸ ਕੋਲ ਧਨ ਹੋਵੇ ਅਤੇ ਧਨ ਪ੍ਰਾਪਤ ਕਰਨ ਲਈ ਮਨੁੱਖ ਨੂੰ ਸੁਸਤੀ ਛੱਡਣੀ

ਚਾਹੀਦੀ ਹੈ ਅਤੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਲਕਸ਼ਮੀ ਖੁਸ਼ ਹੋ ਜਾਂਦੀ ਹੈ ਅਤੇ ਮਨੁੱਖ ਨੂੰ ਆਸ਼ੀਰਵਾਦ ਦਿੰਦੀ ਹੈ। ਕੋਈ, ਇਹ ਪੁੱਛ ਸਕਦਾ ਹੈ ਕਿ ਜਿਸ ਕਲਯੁਗ ਵਿੱਚ ਅਸੀਂ ਰਹਿ ਰਹੇ ਹਾਂ, ਲੋਕ ਗਲਤ ਤਰੀਕਿਆਂ ਨਾਲ ਧਨ ਇੱਕਠਾ ਕਰ ਰਹੇ ਹਨ ਅਤੇ ਮਾਂ ਲਕਸ਼ਮੀ, ਇਨ੍ਹਾਂ ਲੋਕਾਂ ਨੂੰ ਕਿਵੇਂ ਆਸ਼ੀਰਵਾਦ ਦੇ ਰਹੀ ਹੈ? ਕਿਸੇ ਪਰਿਵਾਰ ਉੱਤੇ ਧਨ ਦਾ ਅਸਰ ਸਮਝਣ ਲਈ ਸਾਨੂੰ ਪਰਿਵਾਰ ਦੀ ਦਇਆਲੁਤਾ ਉੱਤੇ ਧਿਆਨ ਦੇਣਾ ਚਾਹੀਦਾ ਹੈ। ਪੱਛਮੀ ਸੰਸਾਰ ਵਿੱਚ ਹਦ ਤੋਂ ਜਿਆਦਾ ਅਮੀਰ ਲੋਕ ਆਪਣਾ ਧਨ ਆਪਣੇ ਪਰਿਵਾਰ ਨੂੰ ਦੇਣ ਦੀ ਬਜਾਏ, ਦਾਨ ਵਿੱਚ ਦੇ ਰਹੇ ਹਨ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਧਨ ਇਕ ਪਵਿੱਤਰ ਟ੍ਰਸਟ ਹੈ ਅਤੇ ਜਦ ਧਨ ਨੂੰ ਗਲਤ ਤਰੀਕਿਆਂ ਨਾਲ ਇਕੱਠਾ ਕੀਤਾ ਜਾਂਦਾ ਹੈ ਤਾਂ ਉਹ ਧਨ ਮਨੁੱਖ ਕੋਲ ਸਥਾਈ ਰੂਪ ਵਿੱਚ ਨਹੀਂ ਰਹਿੰਦਾ ਅਤੇ ਉਸ ਧਨ ਦੇ ਕਾਰਣ, ਪਰਿਵਾਰ ਵਿੱਚ ਲੜਾਈ-ਝਗੜੇ ਦੁਰਵਿਵਹਾਰ ਅਤੇ ਅਪਰਾਧ ਹੁੰਦੇ ਹਨ। ਇਹ ਕਹਾਵਤ ਹੈ ਕਿ ਲਕਸ਼ਮੀ, ਇਕ ਜਗ੍ਹਾ ਨਹੀਂ ਟਿਕਦੀ। ਇਹ ਵੀ ਪਤਾ ਲਗਦਾ ਹੈ ਕਿ ਜਦ ਧਨ ਇਕੱਠਾ ਹੋ ਜਾਂਦਾ ਹੈ ਤਾਂ ਇਹ ਸੰਭਵ ਹੈ ਕਿ ਧਨ ਵਿੱਚ ਕਮੀ ਆਵੇ ਅਤੇ ਇਹ ਉਸ ਵੇਲੇ ਹੁੰਦਾ ਹੈ ਜਦ ਕੋਈ ਮਨੁੱਖ ਗੁਰੂ ਦੀ ਬੇਇਜੱਤੀ ਕਰਦਾ ਹੈ ਜਾਂ ਮਨੁੱਖ ਵਿੱਚ ਸੁਸਤੀ ਆ ਜਾਂਦੀ ਹੈ॥20॥

कुत्र विधेयो वासः सज्जननिकटेऽथवा काश्याम् ।
कः परिहार्यो देशः पिशुनयुतो लुब्धभूपश्च ॥२१॥

ਕੁਤਰ ਵਿਧਿਉ ਵਾਸਾ ਸੱਜਨਨਿਕਟੇ –ਥਵਾ ਕਾਸ਼ਿਯਮ
ਕਾਹ ਪਰਿਹਾਰਿਉ ਦੇਸ਼ਾਹ? ਪਿਸ਼ੁਨਯੁਤੋ ਲੁਬਧ ਭੂਪਸ਼ਚ॥21॥

ਪ੍ਰਸ਼ਨ: ਮਨੁੱਖ ਨੂੰ ਕਿੱਥੇ ਰਹਿਣਾ ਚਾਹੀਦਾ ਹੈ?
ਉੱਤਰ: ਮਨੁੱਖ ਨੂੰ ਚੰਗੇ ਅਤੇ ਪਵਿਤਰ ਲੋਕਾਂ ਦੇ ਨੇੜੇ ਜਾਂ ਕਾਸ਼ੀ ਵਿੱਚ ਰਹਿਣਾ ਚਾਹੀਦਾ ਹੈ।
ਪ੍ਰਸ਼ਨ: ਮਨੁੱਖ ਨੂੰ ਕਿਹੜੇ ਦੇਸ਼ ਦਾ ਤਿਆਗ ਕਰਨਾ ਚਾਹੀਦਾ ਹੈ?
ਉੱਤਰ: ਉਹ ਦੇਸ਼ ਜਿਹਦੇ ਵਿੱਚ ਲੋਕ, ਦੂਜਿਆਂ ਵਿੱਚ ਹੀ ਦੋਸ਼ ਕੱਢਣ, ਅਰਥਾਤ ਦੂਜਿਆਂ ਬਾਰੇ ਹੀ ਗੱਲਾਂ ਕਰਨ ਅਤੇ ਜਿਹੜੇ ਦੇਸ਼ ਦਾ ਰਾਜਾ ਲਾਲਚੀ ਹੋਵੇ ਉਥੇ ਵੀ ਨਹੀਂ ਜਾਣਾ ਚਾਹੀਦਾ।

ਇਸ ਸ਼ਲੋਕ ਵਿੱਚ ਕੁੱਝ ਇਸ ਤਰ੍ਹਾਂ ਦੀ ਸਿੱਖਿਆ ਦਿੱਤੀ ਹੋਈ ਹੈ ਜਿਸ ਉੱਤੇ ਅਮਲ ਕੀਤਾ ਜਾ ਸਕਦਾ ਹੈ। ਇੱਥੇ ਇਸ ਪ੍ਰਸ਼ਨ ਦਾ ਉੱਤਰ ਦਿੱਤਾ ਹੈ ਕਿ ਮਨੁੱਖ ਨੂੰ ਕਿੱਥੇ ਰਹਿਣਾ ਚਾਹੀਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਾਨੂੰ ਚੰਗੇ ਅਤੇ ਪਵਿੱਤਰ ਲੋਕਾਂ ਦੇ ਨੇੜੇ ਰਹਿਣਾ ਚਾਹੀਦਾ ਹੈ। ਆਦਿਸ਼ੰਕਰਾਚਾਰਿਆ ਦੇ ਸਮੇਂ ਤੋਂ ਹੀ ਗੰਗਾ ਨਦੀ ਦੇ ਕਿਨਾਰੇ, ਕਾਸ਼ੀ (ਵਾਰਾਨਸੀ ਜਾਂ ਬਨਾਰਸ) ਨਗਰ ਹੈ। ਇਹ ਸ਼ਹਿਰ ਤੀਰਥ ਯਾਤਰਾ ਲਈ ਬਹੁਤ ਮਸ਼ਹੂਰ ਹੈ ਅਤੇ ਇੱਥੇ ਵਿਸ਼ਵਨਾਥ ਮੰਦਰ ਹੈ ਅਤੇ ਵਿਸ਼ਵਨਾਥ ਆਚਾਰਿਆ ਦੇ ਇਸ਼ਟ ਦੇਵਤਾ ਹਨ। ਇਹ ਸ਼ਹਿਰ, ਗਿਆਨ ਦਾ ਭੰਡਾਰ ਸੀ ਅਤੇ ਗਿਆਨ

ਪ੍ਰਾਪਤ ਕਰਨ ਲਈ ਮਸ਼ਹੂਰ ਜਗ੍ਹਾ ਸੀ। ਇਸੇ ਕਾਰਣ ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਮਨੁੱਖ ਨੂੰ, ਭਗਵਾਨ ਵੱਲ ਆਪਣੀ ਯਾਤਰਾ ਦੀ ਮਦਦ ਲਈ ਕਾਸ਼ੀ ਵਿੱਚ ਰਹਿਣਾ ਚਾਹੀਦਾ ਹੈ। ਇਹ, ਉਸ ਭਗਤੀ ਦੀ ਭਾਵਨਾ ਲਈ ਇਸ਼ਾਰਾ ਹੈ, ਜਿਹੜੀ ਭਗਤੀ ਅੱਧਿਆਤਮਿਕ ਤਰੱਕੀ ਲਈ ਜਰੂਰੀ ਹੈ।

ਮਨੁੱਖ ਨੂੰ ਕਿਹੜੇ ਦੇਸ਼ ਵਿੱਚ ਜਾਣ ਤੋਂ ਪਰਹੇਜ ਕਰਨਾ ਚਾਹੀਦਾ ਹੈ? ਇਸ ਦੇ ਉੱਤਰ ਵਿੱਚ ਉਨ੍ਹਾਂ ਜਵਾਬ ਦਿੱਤਾ ਕਿ ਉਹ ਦੇਸ਼ ਵਿੱਚ ਜਾਣ ਤੋਂ ਪਰਹੇਜ ਕਰੋ ਜਿੱਥੇ ਲੋਕ ਦੂਜਿਆਂ ਦੀ ਚੁਗਲੀ ਕਰਦੇ ਹੋਣ ਅਤੇ ਉੱਥੋਂ ਦਾ ਰਾਜਾ ਕੰਜੂਸ ਅਤੇ ਲਾਲਚੀ ਹੋਵੇ। ਇਸ ਦਾ ਅਰਥ ਹੈ ਕਿ ਇਸ ਤਰ੍ਹਾਂ ਦੇ ਦੇਸ਼ ਦੇ ਰਾਜਾ ਨੂੰ ਆਪਣੀ ਪ੍ਰਜਾ ਦਾ ਕੋਈ ਖਿਆਲ ਨਹੀਂ ਹੁੰਦਾ ਅਤੇ ਨਾ ਹੀ ਉਹ, ਉਨ੍ਹਾਂ ਦੀ ਬੇਹਤਰੀ ਬਾਰੇ ਸੋਚਦਾ ਹੈ। ਇਸ ਲਈ, ਇਸ ਤਰ੍ਹਾਂ ਦੇ ਦੇਸ਼ ਵਿੱਚ ਰਹਿਣਾ ਠੀਕ ਨਹੀਂ॥21॥

को हि न वाच्यः सुधिया परदोषश्चानृतं तद्वत् ।
किं सम्पाद्यं मनुजैः विद्या वित्तं बलं यशः पुण्यम् ॥२२॥

ਕੋ ਹੀ ਨਾ ਵਾਚਿਆ ਸੁਧਿਆ? ਪਰਦੋਸ਼ਚ-ਅਨਰੁਤਮ ਤਦਵਤ
ਕਿੰਮ ਸੰਪਾਦਿਅਮ ਮਨੁਜੈਹ? ਵਿਦਿਆ ਵਲਮ ਯਸ਼ ਪੁਣਮ॥22॥

ਪ੍ਰਸ਼ਨ: ਇਕ ਪੜ੍ਹੇ ਲਿਖੇ ਮਨੁੱਖ ਨੂੰ ਕਿਹੜੀ ਚੀਜ ਨਹੀਂ ਬੋਲਣੀ ਚਾਹੀਦੀ?

ਉੱਤਰ: ਮਨੁੱਖ ਨੂੰ ਨਾ ਤਾਂ ਝੂਠ ਅਤੇ ਨਾ ਹੀ ਕਿਸੇ ਦੇ ਅਵਗੁਣ ਬੋਲਣੇ ਚਾਹੀਦੇ ਹਨ।ਪ੍ਰਸ਼ਨ: ਮਨੁੱਖ ਨੂੰ ਕਿਹੜੀ ਚੀਜ ਕਮਾਉਣੀ ਚਾਹੀਦੀ ਹੈ?

ਉੱਤਰ: ਮਨੁੱਖ ਨੂੰ ਸਿੱਖਿਆ ਜਾ ਗਿਆਨ, ਇਜੱਤ ਅਤੇ ਪੁੱਨ ਕਮਾਉਣਾ ਚਾਹੀਦਾ ਹੈ।

ਇਕ ਗੁਣਕਾਰੀ ਮਨੁੱਖ ਬਨਣ ਲਈ ਕੁਝ ਚਾਰ ਮੁੱਢਲੇ ਅਸੂਲ ਹਨ।ਇਹ ਅਸੂਲਾਂ ਨੂੰ ਆਚਾਰਿਆ ਸਮਝਾਉਂਦੇ ਹਨ।ਇਕ ਅੱਧਿਆਤਮਿਕ ਸਾਧਕ ਉਹ ਹੈ ਜਿਹੜਾ ਕੁੱਝ ਮਿੰਟਾਂ ਲਈ ਪ੍ਰਾਰਥਨਾ ਕਰਦਾ ਹੈ, ਈਸ਼ਵਰ ਦਾ ਨਾਂ ਜਪਦਾ ਹੈ ਪਰ ਬਾਅਦ ਵਿੱਚ ਫਜ਼ੂਲ ਦੀਆਂ ਗੱਲਾਂ ਨਹੀਂ ਕਰਦਾ।ਇਕ ਸਿੱਖਿਅਤ ਮਨੁੱਖ ਲਈ ਵੀ ਇਹ ਚੇਤਾਵਨੀ ਹੈ ਕਿ ਉਹ ਕਦੇ ਵੀ ਇੱਨਾਂ ਨੀਵਾਂ ਨਾ ਡਿੱਗ ਜਾਵੇ ਕਿ ਦੂਜਿਆਂ ਦੀਆਂ ਨਾਕਾਮੀਆਂ ਜਾਂ ਬੁਰੇ ਗੁਣਾਂ ਦਾ ਪ੍ਰਚਾਰ ਕਰੇ।ਉਸ ਨੂੰ ਕਦੇ ਵੀ ਝੂਠ ਨਹੀਂ ਬੋਲਣਾ ਚਾਹੀਦਾ।ਅਸਲ ਵਿੱਚ ਇਸ ਤਰ੍ਹਾਂ ਦਾ ਮਨੁੱਖ ਜਿਹੜਾ ਸਚ ਮੁੱਚ ਬੇਦਾਗ ਹੋਵੇ, ਲੱਭਣਾ ਮੁਸ਼ਕਿਲ ਹੈ।ਕਿਸੇ ਦੀ ਬੁਰਾਈ ਕਰਨਾ ਬਹੁਤ ਵੱਡਾ ਜੁਰਮ ਹੈ।ਇਸ ਕਥਨ ਦੀ ਪੁਸ਼ਟੀ ਕਰਨ ਲਈ ਇਕ ਹੰਸ ਦਾ ਉਦਾਹਰਣ ਦਿੱਤਾ ਜਾਂਦਾ ਹੈ।ਜਦ ਇਕ ਹੰਸ ਅੱਗੇ ਦੁੱਧ ਅਤੇ ਪਾਣੀ ਦਾ ਮਿਸ਼ਰਣ ਰੱਖਿਆ ਜਾਂਦਾ ਹੈ।ਤਾਂ ਹੰਸ, ਦੁੱਧ ਨੂੰ ਪੀ ਲੈਂਦਾ ਹੈ ਅਤੇ ਪਾਣੀ ਨੂੰ ਪਿੱਛੇ ਛੱਡ ਦਿੰਦਾ ਹੈ ਅਤੇ ਉਹ ਦੁੱਧ ਅਤੇ ਪਾਣੀ ਦੇ ਮਿਸ਼ਰਣ ਨੂੰ ਵੱਖ ਕਰ ਦਿੰਦਾ ਹੈ।ਉਸੇ ਤਰ੍ਹਾਂ ਮਨੁੱਖ ਨੂੰ ਦੂਜਿਆਂ ਦੇ ਗੁਣਾਂ ਨੂੰ ਜਰੂਰ ਅਪਨਾਉਣਾ ਚਾਹੀਦਾ ਹੈ ਅਤੇ

ਉਨ੍ਹਾਂ ਗੁਣਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ।ਕਿਸੇ ਮਨੁੱਖ ਦੇ ਅਵਗੁਣਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ।ਸੱਚਾਈ ਦੇ ਗੁਣ ਦੀ ਇਜੱਤ ਸਾਰੇ ਬ੍ਰਹਮੰਡ ਵਿੱਚ ਹੁੰਦੀ ਹੈ।ਇਸ ਲਈ ਇਕ ਸਿਖਿਅਤ ਮਨੁੱਖ ਨੂੰ ਕਦੇ ਵੀ ਝੂਠ ਨਹੀਂ ਬੋਲਣਾ ਚਾਹੀਦਾ।ਜੇ ਕੋਈ ਇਸ ਅਸੂਲ ਦੀ ਉਲੰਘਣਾ ਕਰਦਾ ਹੈ ਤਾਂ ਲੋਕ, ਬਹੁਤ ਜਲਦ ਉਸ ਦੀ ਇਜੱਤ ਕਰਨਾ ਬੰਦ ਕਰ ਦੇਣਗੇ।

ਹਰ ਮਨੁੱਖ ਦੀ ਇਹ ਜਰੂਰੀ ਡਿਊਟੀ ਹੈ ਕਿ ਉਹ ਸਖਤ ਮੇਹਨਤ ਕਰੇ।ਇਸ ਸੰਸਾਰੀ ਜੀਵਨ ਵਿੱਚ ਹਰ ਮਨੁੱਖ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਬਹੁਤ ਸਾਰੀਆਂ ਚੀਜਾਂ ਕਮਾਏ।ਅੱਧਿਆਤਮਿਕ ਜੀਵਨ ਵਿੱਚ ਵੀ ਮਨੁੱਖ ਨੂੰ ਕਈ ਚੀਜਾਂ ਕਮਾਉਣੀਆਂ ਪੈਂਦੀਆਂ ਹਨ ਜਿਹੜੀਆਂ ਅੱਧਿਅਤਮਿਕ ਤਰੱਕੀ ਲਈ ਜਰੂਰੀ ਹਨ।ਮਨੁੱਖ ਨੂੰ ਚਾਹੀਦਾ ਹੈ ਕਿ ਉਹ ਸੰਸਾਰੀ ਅਤੇ ਅੱਧਿਆਤਮਿਕ ਜੀਵਨ ਹਾਸਲ ਕਰੇ।ਆਚਾਰਿਆ, ਗਿਆਨ, ਧਨ, ਮਸ਼ਹੂਰੀ ਅਤੇ ਪੁੰਨ ਕਮਾਉਣ ਦੀ ਮਹੱਤਤਾ ਉੱਤੇ ਜ਼ੋਰ ਦਿੰਦੇ ਹਨ।ਇਹ ਚਾਰੋਂ ਚੀਜਾਂ, ਮਨੁੱਖ ਨੂੰ ਆਰਾਮ ਦਾ ਜੀਵਨ ਬਤੀਤ ਕਰਨ ਵਿੱਚ ਮਦਦ ਦਿੰਦੀਆਂ ਹਨ ਅਤੇ ਨਾਲ ਹੀ ਅੱਧਿਆਤਮਿਕ ਜੀਵਨ ਬਿਤਾਉਣ ਵਿੱਚ ਮਦਦ ਕਰਦੀਆਂ ਹਨ।ਸਿੱਖਿਆ ਜਾਂ ਗਿਆਨ ਨਾਲ ਧਨ ਪ੍ਰਾਪਤ ਹੁੰਦਾ ਹੈ ਅਤੇ ਧੱਨ ਨਾਲ ਮਨੁੱਖ ਦੀ ਇਜੱਤ ਵੱਧਦੀ ਹੈ।ਤੁਹਾਡੇ ਵੱਲੋਂ ਕੀਤੇ ਕਰਮਾਂ ਅਤੇ ਪਹਿਲੇ ਤਿੰਨ ਗੁਣਾਂ ਕਾਰਨ, ਚੰਗੀਆਂ ਚੀਜਾਂ ਕਰਕੇ ਤੁਹਾਡਾ ਮਾਨ ਅਤੇ ਇਜੱਤ ਵਧਦੀ ਹੈ।ਇਹ ਨਸੀਹਤ ਦੇ ਨਾਲ ਨਾਲ ਇਹ ਵੀ

ਚੇਤਾਵਨੀ ਦਿੱਤੀ ਜਾਂਦੀ ਹੈ ਕਿ ਜੇ ਲਾਲਚ ਕਰੋਗੇ ਤਾਂ ਸਦਗੁਣਾਂ ਦਾ ਵਿਨਾਸ਼ ਹੋ ਜਾਵੇਗਾ। ਜਦ ਲਾਲਚ ਤੁਹਾਡੇ ਉੱਤੇ ਹਾਵੀ ਹੋ ਜਾਂਦਾ ਹੈ ਤਾਂ ਸਿੱਖਿਆ ਅਤੇ ਧਨ ਦਾ ਤੋਹਫਾ ਜਿਹੜਾ ਤੁਹਾਨੂੰ ਦਿੱਤਾ ਹੁੰਦਾ ਹੈ, ਉਸ ਨੂੰ ਤੁਸੀਂ ਲੋਕਾਂ ਨਾਲ ਸਾਂਝਾ ਨਹੀਂ ਕਰਦੇ। ਇਸ ਲਈ ਮਨੁੱਖ ਨੂੰ, ਲਾਲਚ ਦੇ ਬੁਰੇ ਨਤੀਜਿਆਂ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। ਇਹ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਭਗਵਾਨ ਨੇ ਹਰ ਇਕ ਨੂੰ ਉਸ ਦੀ ਜਰੂਰਤ ਮੁਤਾਬਕ ਸਾਰਾ ਕੁੱਝ ਦਿੱਤਾ ਹੋਇਆ ਹੈ ਪਰ ਹਰ ਇਕ ਦੇ ਲਾਲਚ ਨੂੰ ਪੂਰਾ ਕਰਨ ਲਈ ਨਹੀਂ ਦਿੱਤਾ॥22॥

का च सभा परिहार्या हीना या वृद्धसचिवेन ।
इह कुत्रावहितः स्यात् मनुजः किल राजसेवायाम् ॥२३॥

ਕਾ ਚ ਸਭਾ ਪਰਿਹਾਰਿਆ ? ਹੀਨਾ ਯਾ ਵਰਿੱਧ-ਸਚਿਵੇਨ
ਇਹ ਕੁਤਰ ਅਵਹਿਤ ਸਿਆਨ ਮਨੁਸ਼ਹ ਕਿਲ ਰਾਜ - ਸੈਵਾਇਮ॥23॥

ਪ੍ਰਸ਼ਨ: ਮਨੁੱਖ ਨੂੰ ਕਿਸ ਤਰ੍ਹਾਂ ਦੀ ਸਭਾ ਵਿੱਚ ਜਾਣ ਤੋਂ ਪਰਹੇਜ ਕਰਨਾ ਚਾਹੀਦਾ ਹੈ?

ਉੱਤਰ: ਮਨੁੱਖ ਨੂੰ ਉਸ ਸਭਾ ਵਿੱਚ ਨਹੀਂ ਜਾਣਾ ਚਾਹੀਦਾ ਜਿੱਥੇ ਆਦਰਯੋਗ ਅਤੇ ਬਹੁਤੀ ਉਮਰ ਵਾਲੇ ਮਨੁੱਖ ਨਾ ਹੋਣ।

ਪ੍ਰਸ਼ਨ: ਮਨੁੱਖ ਨੂੰ ਕਿਸ ਗਲ ਲਈ ਚੌਕਸ ਰਹਿਣਾ ਚਾਹੀਦਾ ਹੈ।

ਉੱਤਰ: ਕੀ ਇਹ ਪ੍ਰਦੇਸ਼ ਅਤੇ ਰਾਜੇ ਦੀ ਸੇਵਾ ਨਹੀਂ ਹੈ।

ਆਚਾਰਿਆ, ਕੁੱਝ ਸੰਸਾਰੀ ਸਮਸਿਆਵਾਂ ਦਾ ਹਲ, ਇਹ ਪ੍ਰਸ਼ਨ ਕਰ ਕੇ ਕਰਦੇ ਹਨ ਕਿ ਮਨੁੱਖ ਨੂੰ ਕਿਸ ਤਰ੍ਹਾਂ ਦੀ ਸਭਾ ਵਿੱਚ ਜਾਣ ਤੋਂ ਕਤਰਾਨਾ ਚਾਹੀਦਾ ਹੈ? ਉੱਤਰ ਵਿੱਚ ਉਹ ਦਸਦੇ ਹਨ ਕਿ ਉਹ ਸਭਾ ਜਿਹਦੇ ਵਿੱਚ ਬਜ਼ੁਰਗ, ਨੀਤੀਵਾਨ ਨਹੀਂ ਹੁੰਦੇ ਉੱਥੇ ਆਮਤੌਰ ਤੇ ਵਾਰਤਾਲਾਪ ਨੀਰਸ ਹੁੰਦੀ ਹੈ। ਸੁਭਾਸ਼ਿਤਾ, ਇਸ ਵਿਚਾਰ ਨੂੰ ਸੰਖੇਪ ਵਿਚ ਇਸ ਤਰ੍ਹਾਂ ਦਸਦੇ ਹਨ:

ਬਜ਼ੁਰਗਾਂ ਤੋਂ ਬਿਨਾਂ ਸਭਾ ਦਾ ਕੋਈ ਅਰਥ ਨਹੀਂ ਹੁੰਦਾ। ਕੋਈ ਵੀ ਬਜ਼ੁਰਗ ਇਸ ਤਰ੍ਹਾਂ ਦਾ ਨਹੀਂ ਹੁੰਦਾ ਜਿਹੜਾ ਧਰਮ ਦੀ ਪਾਲਣਾ ਨਹੀਂ ਕਰਦਾ। ਕੋਈ ਵੀ ਧਰਮ ਇਸ ਤਰ੍ਹਾਂ ਦਾ ਨਹੀਂ ਜਿਹਦੇ ਵਿੱਚ ਸਚਾਈ ਨਹੀਂ ਹੁੰਦੀ। ਜਿੱਥੇ ਕਪਟ ਹੁੰਦਾ ਹੈ ਉੱਥੇ ਸਚਾਈ ਨਹੀਂ ਹੁੰਦੀ।

ਮਨੁੱਖ ਨੂੰ ਕਿਸ ਚੀਜ ਵਿੱਚ ਚਤੁਰਤਾ ਰਖਣੀ ਚਾਹੀਦੀ ਹੈ ਅਤੇ ਕਿਸ ਵਿੱਚ ਚੌਕੱਨਾ ਰਹਿਣਾ ਚਾਹੀਦਾ ਹੈ? ਇਹ ਉਸ ਵੇਲੇ ਕਰਨੇ ਚਾਹੀਦੇ ਹਨ ਜਦ ਕੋਈ ਮਨੁੱਖ ਆਪਣੇ ਮਾਲਕ ਦੀ ਸੇਵਾ ਕਰ ਰਿਹਾ ਹੈ, ਖਾਸ ਕਰਕੇ ਅੱਜ ਕੱਲ ਦੀ ਨਾਟਕੀਯ ਰੂਪ ਰੇਖਾ ਵਿੱਚ ਜਿੱਥੇ ਆਮ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਸ਼ਾਸਨ ਕਰ ਰਹੇ ਲੋਕ, ਅਸੂਲਾਂ ਦੀ ਪਰਵਾਹ ਨਹੀਂ ਕਰਦੇ ਅਤੇ ਨੌਕਰੀ ਕਰ ਰਹੇ ਲੋਕਾਂ ਨੂੰ ਬਹੁਤ ਕਠਿਨਤਾ ਆ ਰਹੀ ਹੈ ਕਿ ਉਹ ਅਸੂਲਾਂ ਦੀ ਕਿਵੇਂ ਪਾਲਣਾ ਕਰਨ। ਨੌਕਰੀ ਕਰ ਰਹੇ ਲੋਕ ਕੂਟਨੀਤੀ ਨਾਲ ਆਪਣੇ ਹੁਨਰ ਦਾ ਪ੍ਰਯੋਗ ਕਰਕੇ ਆਪਣੇ ਮਾਲਕਾਂ ਨੂੰ ਖੁਸ਼ ਕਰਦੇ ਹਨ ॥23॥

प्राणादपि को रम्यः कुलधर्मः साधुसङ्गश्च ।
का संरक्ष्या कीर्तिः पतिव्रता नैजबुद्धिश्च ॥२४॥

ਪ੍ਰਾਣਦਪੀ ਕੋ ਰੱਮਿਆ ? ਕੁਲਧਰਮਹ ਸਾਧੂ –ਸੰਗਰਸ਼ਚ
ਕਾ ਸੰਮਰਕਸ਼ਾ ? ਕੀਰਤੀ ਪਤੀਬ੍ਰਤਾ ਨੈਜਬੁੱਧੀਸ਼ਚ॥24॥

ਪ੍ਰਸ਼ਨ: ਆਪਣੇ ਜੀਵਨ ਨਾਲੋਂ ਕਿਹੜੀ ਚੀਜ ਬਹੁਮੁੱਲੀ ਹੈ?
ਉੱਤਰ: ਆਪਣੇ ਪਰਿਵਾਰ ਦੀ ਇੱਜਤ ਅਤੇ ਰੀਤੀ ਰਿਵਾਜਾਂ ਨੂੰ ਬਚਾਉਣਾ ਅਤੇ ਸਾਧੂ ਲੋਕਾਂ ਦੀ ਸੰਗਤ ਕਰਨਾ।
ਪ੍ਰਸ਼ਨ: ਸਾਨੂੰ ਕਿਹੜੀ ਚੀਜ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ?
ਉੱਤਰ: ਆਪਣੀ ਕੀਰਤੀ, ਨੇਕ-ਚਲਨ ਪਤਨੀ ਅਤੇ ਆਪਣਾ ਆਜਾਦ ਮਨ।

ਤੁਲਸੀ ਰਾਮਾਇਣ ਵਿੱਚ ਇਹ ਮਸ਼ਹੂਰ ਦੋਹਾ ਹੈ ਜਿਹੜਾ ਤ੍ਰੇਤਾ ਯੁੱਗ ਵਿੱਚ ਮਾਨਵ ਮੁੱਲਾਂ ਬਾਰੇ ਹੈ ਅਤੇ ਯਾਦ ਕਰਨ ਯੋਗ ਹੈ। ਇਹ ਦੋਹੇ ਵਿੱਚ ਖਾਸ ਕਰਕੇ ਰਾਜਾ ਰਾਮ ਦੇ ਖਾਨਦਾਨ ਦਾ ਜ਼ਿਕਰ ਹੈ। ਰਘੂਕੁਲ ਰੀਤ ਇਹ ਚਲੀ ਆਈ, ਪ੍ਰਾਣ ਜਾਏ ਪਰ ਵਚਨ ਨਾ ਜਾਈ। ਇਸ ਦੋਹੇ ਵਿੱਚ ਵੰਸ਼ ਦੇ ਧਰਮ ਜਾਂ ਪ੍ਰੀਵਾਰ ਦੀ ਪਰੰਪਰਾ ਦੀ ਇਜੱਤ ਨੂੰ ਬਰਕਰਾਰ ਰੱਖਣ ਦੀ ਗੱਲ ਕੀਤੀ ਗਈ ਹੈ। ਰਘੂਵੰਸ਼ ਦੇ ਪਰਿਵਾਰ ਵਿੱਚ ਇਹ ਪਰੰਪਰਾ ਸੀ ਕਿ ਜੀਵਨ ਭਾਵੇਂ ਚਲਾ ਜਾਵੇ ਪਰ ਜਿਹੜਾ ਵਚਨ ਕਿਸੇ ਨੂੰ ਦਿੱਤਾ ਹੋਇਆ ਹੈ, ਉਸ ਦੀ ਪਾਲਣਾ ਹਰ ਹਾਲਤ ਵਿੱਚ ਕੀਤੀ ਜਾਵੇ। ਉਸੇ ਤਰ੍ਹਾਂ ਭਾਗਵਤ ਗੀਤਾ ਵਿੱਚ ਕਿਹਾ ਗਿਆ ਹੈ ਕਿ ਮਨੁੱਖ ਨੂੰ ਆਪਣਾ ਆਖਰੀ ਸਾਹ, ਆਪਣੇ ਧਰਮ ਵਿੱਚ ਹੀ ਲੈਣਾ

ਚਾਹੀਦਾ ਹੈ। ਇਸ ਦੇ ਨਾਲ-ਨਾਲ ਆਪਣੇ ਪਰਿਵਾਰ ਨੂੰ ਬਚਾਉਣਾ, ਪਰਿਵਾਰ ਦੇ ਰਿਵਾਜਾਂ ਦੀ ਰੱਖਿਆ ਕਰਨਾ ਅਤੇ ਪਰਿਵਾਰ ਦੀ ਇਜੱਤ ਬਚਾਉਣਾ, ਆਪਣੇ ਜੀਵਨ ਨੂੰ ਬਚਾਉਣਾ ਤੋਂ ਵੱਧ ਮਹੱਤਤਾ ਵਾਲਾ ਹੈ। ਉਸ ਦੇ ਨਾਲ ਨਾਲ ਮਨੁੱਖ ਨੂੰ ਆਪਣੇ ਜੀਵਨ ਵਿੱਚ ਸਾਧੂਆਂ ਦੀ ਸੰਗਤ ਵਿੱਚ ਰਹਿਣਾ ਚਾਹੀਦਾ ਹੈ। ਸਾਧੂਆਂ ਦੀ ਸੰਗਤ ਤੋਂ ਮਿਲੇ ਚੰਗੇ ਅਸਰਾਂ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ, ਖਾਸ ਕਰਕੇ ਉਹ ਦਿਨਾਂ ਵਿੱਚ ਜਦ ਮਨੁੱਖ ਮੁਸ਼ਕਲਾਂ ਨਾਲ ਘਿਰਿਆ ਹੁੰਦਾ ਹੈ। ਸਾਧੂਆਂ ਦੀ ਸੰਗਤ ਉਸ ਵੇਲੇ ਵੀ ਬਹੁਤ ਮਦਦਗਾਰ ਹੁੰਦੀ ਹੈ ਜਦ ਕੋਈ ਆਪਣੇ ਪਿਆਰੇ ਨੂੰ ਖੋ ਦਿੰਦਾ ਹੈ। ਉਹ ਗਲੀ ਦੀ ਰੌਸ਼ਨੀ ਦੀ ਤਰ੍ਹਾਂ ਹੁੰਦੇ ਹਨ ਜਿਹੜੀ ਰੌਸ਼ਨੀ ਤੁਹਾਨੂੰ ਤੁਹਾਡੀ ਮੰਜਿਲ ਤਾਈਂ ਪਹੁੰਚਾ ਦਿੰਦੀ ਹੈ।

ਕੁੱਝ ਇਸ ਤਰ੍ਹਾਂ ਦੀਆਂ ਚੀਜਾਂ ਹੁੰਦੀਆਂ ਹਨ ਜਿਨ੍ਹਾਂ ਦੀ ਰੱਖਿਆ ਜਰੂਰੀ ਹੁੰਦੀ ਹੈ। ਇਨ੍ਹਾਂ ਦੀ ਦੇਖ ਭਾਲ ਅਤੇ ਪਾਲਣ ਪੋਸ਼ਣ ਕਰਨਾ ਚਾਹੀਦਾ ਹੈ। ਆਪਣਾ ਜਸ ਅਤੇ ਆਪਣਾ ਆਜਾਦ ਮਨ ਬਹੁਤ ਮਹੱਤਤਾ ਵਾਲੇ ਹਨ। ਜੂਸ ਤਾਂ ਸਖਤ ਮੇਹਨਤ, ਕੋਸ਼ਿਸ਼ ਅਤੇ ਸਮਾਜ ਸੇਵਾ ਤੋਂ ਮਿਲਦਾ ਹੈ। ਇਹ ਝੱਟ ਪੱਟ ਪ੍ਰਾਪਤ ਨਹੀਂ ਹੁੰਦਾ। ਜਸ, ਆਪਣੇ ਕੀਤੇ ਕਰਮਾਂ ਨਾਲ ਮਿਲਦਾ ਹੈ। ਇਸ ਨੂੰ ਬਚਾਉਣ ਲਈ, ਮਨੁੱਖ ਨੂੰ ਕੋਈ ਵੀ ਗਲਤ ਕਦਮ ਨਹੀਂ ਚੁੱਕਣਾ ਚਾਹੀਦਾ ਕਿਉਂ ਜੋ ਲੰਬੇ ਸਮੇਂ ਤੋਂ ਮਿਹਨਤ ਨਾਲ ਕਮਾਇਆ ਜਸ, ਇਕ ਗਲਤ ਕੰਮ ਕਰਨ ਨਾਲ ਖਤਮ ਹੋ ਜਾਂਦਾ ਹੈ। ਉਸੇ ਤਰ੍ਹਾਂ ਜੀਵਨ ਵਿੱਚ ਸਹੀ

ਫੈਸਲਾ ਲੈਣ ਲਈ ਆਜਾਦ ਮਨ ਦਾ ਹੋਣਾ ਜਰੂਰੀ ਹੈ।ਆਮ ਤੌਰ ਤੇ ਜਵਾਨੀ ਵਿੱਚ ਹਰ ਕੋਈ ਭੇਡਾਂ ਦੀ ਤਰ੍ਹਾਂ ਭੀੜ ਦੇ ਮਗਰ ਲੱਗ ਜਾਂਦਾ ਹੈ।ਅੱਜ ਕੱਲ ਦੇ ਨੌਜਵਾਨਾਂ ਨੂੰ ਸਾਥੀਆਂ ਦੇ ਦਬਾਉ ਦਾ ਮੁਕਾਬਲਾ ਕਰਨਾ ਪੈਂਦਾ ਹੈ ਅਤੇ ਦੁਚਿੱਤੀ ਹੋਣਾ ਪੈਂਦਾ ਹੈ।ਬੁਰੀਆਂ ਆਦਤਾਂ ਅਤੇ ਮਾੜੀ ਸੰਗਤ ਤੋਂ ਬਚਨਾ ਬਹੁਤ ਔਖਾ ਹੈ।ਜੇ ਮਨੁੱਖ ਦਾ ਮਨ ਆਜਾਦ ਨਾ ਹੋਵੇ ਤਾਂ ਸਹੀ ਰਸਤਾ ਅਪਨਾਉਣਾ ਨਾਮੁਮਕਨ ਹੋ ਜਾਂਦਾ ਹੈ।ਅੰਤ ਵਿੱਚ ਚੰਗਾ ਪਰਿਵਾਰ ਜੀਵਨ, ਸ਼ਾਂਤ ਸਮਾਜ ਲਈ ਜਰੂਰੀ ਹੈ।ਪਤੀ ਪਤਨੀ ਵਿੱਚ ਚੰਗੇ ਰਿਸ਼ਤੇ, ਘਰ ਵਿੱਚ ਪਿਆਰ ਅਤੇ ਇਕਸਾਰਤਾ ਰੱਖਦੇ ਹਨ।ਘਰ ਦਾ ਪਿਆਰ ਵਾਲਾ ਵਾਤਾਵਰਣ, ਬੱਚਿਆਂ ਵਿੱਚ ਪਿਆਰ, ਚੀਜਾਂ ਨੂੰ ਸਾਂਝਾ ਕਰਨ, ਇਕ ਦੂਜੇ ਦੀ ਮਦਦ ਕਰਨ, ਤਿਆਗ ਭਾਵਨਾ, ਸਿੱਖਣਾ, ਪੜ੍ਹਾਉਣਾ ਅਤੇ ਕਈ ਚੰਗੇ ਗੁਣ ਪੈਦਾ ਕਰਨ ਵਿੱਚ ਮਦਦ ਕਰਦਾ ਹੈ।ਜਿਹੜੇ ਬੱਚੇ ਘਰ ਦੇ ਚੰਗੇ ਅਤੇ ਪਿਆਰ ਵਾਲੇ ਮਾਹੌਲ ਵਿੱਚ ਪਲਦੇ ਹਨ, ਉਨ੍ਹਾਂ ਵਿੱਚ ਮਾਨਵ ਮੁੱਲ ਆਉਂਦੇ ਹਨ ਅਤੇ ਉਹ ਆਪਣੇ ਪਰਿਵਾਰ ਜਾਂ ਸਮਾਜ ਵਿੱਚ, ਹਿੰਸਾ ਬਾਰੇ ਕਦੇ ਵੀ ਨਹੀਂ ਸੋਚਦੇ।ਉਨ੍ਹਾਂ ਨੂੰ ਆਧੁਨਿਕ ਮਾਨਸਿਕ ਅਵਿਵਸਥਾ ਜਿਵੇਂ ਦਿਮਾਗੀ ਗੜਬੜ, ਉਦਾਸੀ ਅਤੇ ਰਬੀ ਮੁਸੀਬਤ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਅਤੇ ਸਨਮਾਨ ਦੀ ਹੀ ਗੱਲ ਕਰਦੇ ਹਨ।ਇਸ ਤਰ੍ਹਾਂ ਉਨ੍ਹਾਂ ਦੇ ਪਰਿਵਾਰਿਕ ਜੀਵਨ ਦਾ ਆਧਾਰ ਚੰਗਾ ਹੁੰਦਾ ਹੈ।ਪਤੀ ਅਤੇ ਪਤਨੀ ਵਿੱਚ ਚੰਗਾ ਅਤੇ ਢੁੱਕਵਾਂ ਰਿਸ਼ਤਾ ਹੁੰਦਾ ਹੈ ਅਤੇ ਇਸ ਦਾ ਪਿਆਰ, ਇਜੱਤ-ਮਾਨ ਹੁੰਦਾ ਹੈ।ਇਸ ਲਈ ਇਸ ਭਾਵ ਉੱਤੇ ਜ਼ੋਰ ਦਿੱਤਾ ਗਿਆ ਹੈ॥24॥

का कल्पलता लोके सच्छिष्यायार्पिता विद्या ।
कोऽक्षयवटवृक्षः स्यात् विधिवत्सत्पात्रदत्तदानं यत् ॥ २५॥

ਕਾ ਕਲਪਲਤਾ ਲੋਕੇ? ਸਚਛੀਸਿਆਏ -ਅਰਪਿਤਾ ਵਿਦਿਆ
ਕੋਕਸ਼ੈ-ਵਟ-ਵਰਿਕਸ਼ਸ਼ਿਆਤ? ਵਿਧੀਵਤ ਸਤ-ਪਾਤਰ-ਦਤਮ ਦਾਨਮ ਯਤ॥25॥

ਪ੍ਰਸ਼ਨ: ਕਲਪ ਲਤਾ (ਅਨੰਦ ਵੇਲ) ਕੀ ਹੁੰਦੀ ਹੈ?
ਉੱਤਰ: ਉਹ ਗਿਆਨ ਜਿਹੜਾ ਚੰਗੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ।
ਪ੍ਰਸ਼ਨ: ਵਟ ਬ੍ਰਿਕਸ਼ ਕਿਸ ਨੂੰ ਕਹਿੰਦੇ ਹਨ? ਕੀ ਕੋਈ ਇਸ ਤਰ੍ਹਾਂ ਦਾ ਬ੍ਰਿਕਸ਼ ਹੈ?
ਉੱਤਰ: ਸ਼ਾਸਤਰਾਂ ਦੇ ਅਸੂਲਾਂ ਮੁਤਾਬਕ, ਯੋਗ ਮਨੁੱਖ ਨੂੰ ਦਿੱਤਾ ਦਾਨ, ਵਟ-ਬ੍ਰਿਕਸ਼ ਕਹਾਉਂਦਾ ਹੈ।

ਭਾਰਤ ਦੀ ਫਲਸਫਾ ਵਿੱਚ ਕਲਪਿਤ, ਘਿਸਰ ਕੇ ਚਲਣ ਵਾਲੀ ਚੀਜ ਹੈ ਜਿਸ ਨੂੰ ਕਲਪ ਲਤਾ ਕਹਿੰਦੇ ਹਨ। ਇਸ ਵਿੱਚ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਦੀ ਸ਼ਕਤੀ ਹੈ। ਆਚਾਰਿਆ ਕਹਿੰਦੇ ਹਨ, ਜਿਹੜਾ ਗਿਆਨ ਚੰਗੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ, ਉਹ ਕਲਪ ਲਤਾ ਦੀ ਤਰ੍ਹਾਂ ਹੈ। ਇਸ ਦੇ ਕਈ ਕਾਰਣ ਹਨ। ਇਨ੍ਹਾਂ ਕਾਰਣਾਂ ਵਿੱਚੋਂ ਜਿਹੜਾ ਕਾਰਣ ਬਹੁਤ ਮਹੱਤਤਾ ਵਾਲਾ ਹੈ ਉਹ ਇਹ ਹੈ ਕਿ ਜਿਵੇਂ ਕਲਪ ਲਤਾ ਦਾ ਮਿਲਣਾ ਮੁਸ਼ਕਲ ਹੈ ਉਸੇ ਤਰ੍ਹਾਂ ਚੰਗਾ ਵਿਦਿਆਰਥੀ ਮਿਲਣਾ ਔਖਾ ਹੈ। ਗੁਰੂ, ਆਪਣੇ ਸ਼ਿਸ਼ ਤੋਂ, ਆਪਣੀ ਹਾਰ ਦਾ

ਸਵਾਗਤ ਕਰਦਾ ਹੈ। ਕਾਲੀਦਾਸ ਮਸ਼ਹੂਰ ਡਰਾਮੇ ਅਭਿਜਨਾਨ ਸ਼ਕੁੰਤਲਾ ਵਿੱਚ ਦਿੱਤੀ ਇਕ ਘਟਨਾ, ਇਸ ਦੇ ਉਲਟ ਹੈ। ਕਨਵ ਰਿਸ਼ੀ ਜਿਹਦੀ ਦੇਖ ਰੇਖ ਵਿੱਚ ਸ਼ਕੁੰਤਲਾ ਦਾ ਪਾਲਣ ਪੋਸ਼ਣ ਹੋਇਆ, ਸ਼ਕੁੰਤਲਾ ਦੀ ਸ਼ਾਦੀ ਰਾਜਾ ਦੁਸ਼ਿਅੰਤ ਨਾਲ ਹੋਣ ਬਾਰੇ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਕਿਹਾ, ਤੁਸੀਂ ਉਸ ਗਿਆਨ ਦੀ ਤਰ੍ਹਾਂ ਹੋ ਜਿਹੜਾ ਚੰਗੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ।

ਬੋਹੜ ਦੇ ਦਰੱਖਤ ਦੀ ਮਿਸਾਲ, ਇਕ ਹੋਰ ਵਿਚਾਰ ਨਾਲ, ਜਿਹੜਾ ਦਾਨ ਨਾਲ ਸੰਬੰਧ ਰੱਖਦਾ ਹੈ, ਦਿੱਤੀ ਜਾ ਸਕਦੀ ਹੈ। ਇਹ ਪ੍ਰਸ਼ਨ ਕਿ ਕੀ ਕੋਈ ਅਨਾਦੀ ਬੋਹੜ ਦਾ ਦਰੱਖਤ ਹੈ ਜਿਹੜਾ ਹਿੰਦੂਆਂ ਅਤੇ ਬੁੱਧਾਂ ਲਈ ਅੱਧਿਆਤਮਿਕਤਾ ਦਾ ਚਿਨ੍ਹ ਹੈ। ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਗੌਤਮ ਬੁੱਧ ਜਿਹੜੇ ਮਗਧ ਦੇ ਸ਼ਹਿਜਾਦੇ ਸਨ, ਨੂੰ ਗਇਆ (ਜਿਹੜਾ ਭਾਰਤ ਦੇ ਰਾਜਯ ਬਹਾਰ ਵਿੱਚ ਹੈ।) ਵਿਚ, ਇਕ ਬੋਹੜ ਦੇ ਦਰੱਖਤ ਹੇਠਾਂ ਆਤਮ-ਗਿਆਨ ਹੋਇਆ ਸੀ। ਇਸ ਬਾਰੇ ਆਚਾਰਿਆ ਕਹਿੰਦੇ ਹਨ ਕਿ ਸ਼ਾਸਤਰ ਵਿਧੀ ਮੁਤਾਬਕ ਹੱਕਦਾਰ ਨੂੰ ਦਿੱਤਾ ਦਾਨ, ਇਕ ਅਨਾਦਿ ਬੋਹੜ ਦੇ ਦਰੱਖਤ ਦੀ ਤਰ੍ਹਾਂ ਹੈ ਜਿਹੜਾ ਦਿਵੱਤਾ ਦੇ ਅਨੁਭਵ ਲਈ ਜੋਤ ਦਾ ਕੰਮ ਕਰਦਾ ਹੈ। ਯੱਗ ਦੀ ਅਗਨੀ ਵਿੱਚ ਭੇਂਟ ਕੀਤੀ ਵਸਤੂ ਅਤੇ ਜਿਹੜੀ ਵਸਤੂ ਦਾਨ ਵਿੱਚ ਦਿੱਤੀ ਜਾਂਦੀ ਹੈ, ਉਸ ਤੋਂ ਬਿਨਾਂ ਹਰ ਵਸਤੂ ਅਸਥਾਈ ਹੈ। ਇਹ ਭਾਵਨਾ ਲਈ ਕਨੱੜ ਦੀ ਕਹਾਵਤ ਹੈ ਕਿ ਜਿਹੜੀ ਵਸਤੂ ਦਾਨ ਵਿੱਚ ਦਿੱਤੀ ਜਾਂਦੀ ਹੈ ਉਹ ਤੁਹਾਡੇ ਲਈ ਹੈ ਅਤੇ ਜਿਹੜੀ ਰਸ ਰੂਪ ਵਿੱਚ ਬਾਹਰ

ਨਿਕਲਦੀ ਹੈ ਅਤੇ ਇੱਕਠੀ ਕੀਤੀ ਜਾਂਦੀ ਹੈ, ਉਹ ਦੂਜਿਆਂ ਲਈ ਹੈ॥25॥

किं शास्त्रं सर्वेषां युक्तिर्माता च का धेनुः ।
किं नु बलं यद्धैर्यं को मृत्युर्यदवधानरहितत्वम् ॥२६॥

ਕਿੰਮ ਸ਼ਸ਼ਤ੍ਰਮ ਸਰਵੇਸ਼ਾਮ? ਯੁਕਤੀ ਮਤਾ ਚ ਕਾ ? ਧੇਨੂ
ਕਿੰਮ ਨੂ ਬਲਮ ? ਯਦਧੈਰਿਅਮ ਕੋ ਮ੍ਰਿਤਯੂ? ਯਦਵਧਾਰਣਾ-ਰਹਿਤਤਵਮ॥26॥

ਪ੍ਰਸ਼ਨ: ਭੂਗੋਲਿਕ ਸਿੱਖਿਆ ਕਿਸ ਨੂੰ ਕਹਿੰਦੇ ਹਨ?
ਉੱਤਰ: ਅੰਤਰ ਸਮਝਣ ਦੀ ਯੋਗਤਾ (ਯੁਕਤੀ)।

ਪ੍ਰਸ਼ਨ: ਮਾਂ ਕੋਣ ਹੈ?
ਉੱਤਰ: ਗਊ
ਪ੍ਰਸ਼ਨ: ਤਾਕਤ ਕੀ ਹੁੰਦੀ ਹੈ?
ਉੱਤਰ: ਬਹਾਦਰੀ
ਪ੍ਰਸ਼ਨ: ਮੌਤ
ਉੱਤਰ: ਢਿੱਲ ਅਤੇ ਆਲਸ

ਇਸ ਸ਼ਲੋਕ ਵਿੱਚ ਚਾਰ ਪ੍ਰਸ਼ਨ ਦਿੱਤੇ ਗਏ ਹਨ ਅਤੇ ਉਨ੍ਹਾਂ ਦਾ ਕਰਾਰਾ ਜਵਾਬ ਦਿੱਤਾ ਹੋਇਆ ਹੈ।ਪ੍ਰਸ਼ਨ ਹੈ ਕਿ ਮਨੁੱਖ ਲਈ ਭੁਗੋਲਿਕ ਕਵਚ ਕਿਹੜਾ ਹੈ? ਇਹ ਪ੍ਰਸ਼ਨ ਲੜਾਈ ਵਿੱਚ ਪ੍ਰਯੋਗ ਹੁੰਦੇ ਕਵਚ ਨਾਲ ਸੰਬੰਧ ਨਹੀਂ ਰੱਖਦਾ ਪਰ ਇਸ ਪ੍ਰਸ਼ਨ ਦਾ ਸੰਬੰਧ ਮਨੁੱਖ

ਨੂੰ ਬਚਾਉਣ ਬਾਰੇ ਹੈ। ਇਹ ਯੁਕਤੀ ਉੱਤੇ ਅੰਤਰ ਸਮਝਣ ਬਾਰੇ ਹੈ ਜਿਹੜਾ ਡੂੰਗੀ ਸੋਚ ਤੋਂ ਨਿਕਲਦਾ ਹੈ। ਲੜਾਈ ਵਿੱਚ ਆਪਣੇ ਆਪ ਦਾ ਬਚਾਓ ਕਰਨ ਲਈ ਕਵਚ ਜਰੂਰੀ ਹੈ। ਉਸੇ ਤਰ੍ਹਾਂ ਅੱਧਿਆਤਮਿਕ ਜੀਵਨ ਵਿੱਚ ਮਨੁੱਖ ਨੂੰ ਅੰਤਰ ਸਮਝਣ ਅਤੇ ਮੌਕੇ ਸਿਰ ਗੱਲ ਕਰਨ ਦਾ ਪਤਾ ਹੋਣਾ ਚਾਹੀਦਾ ਹੈ। ਕਈ ਹਲਾਤਾ ਵਿੱਚ ਮਨੁੱਖ ਨੂੰ ਅੱਧਿਆਤਮਿਕ ਰਸਤੇ ਦੀ ਤਰੱਕੀ ਲਈ ਅੰਤਰ ਸਮਝਣ ਦੀ ਯੋਗਤਾ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਇਸ ਦੇ ਨਾਲ ਢੁੱਕਵਾਂ ਵਿਚਾਰ ਭੌਤਿਕ ਸ਼ਰੀਰ ਬਾਰੇ ਹੈ ਜਿਹੜਾ ਹਿਰਦੇ ਅਤੇ ਦਿਮਾਗ (ਅਰਥਾਤ ਸ਼ਕਤੀ) ਦਾ ਪ੍ਰਤੀਕ ਹੈ। ਇਸ ਦੇ ਪ੍ਰਸ਼ਨ ਦੇ ਉੱਤਰ ਵਿੱਚ ਕਿ ਤਾਕਤ ਕਿਸ ਨੂੰ ਕਹਿੰਦੇ ਹਨ, ਆਚਾਰਿਆ ਨੇ ਬਹਾਦਰੀ ਨੂੰ ਤਾਕਤ ਕਿਹਾ ਹੈ ਜਿਸ ਦਾ ਸੰਬੰਧ ਭੌਤਿਕ ਸਰੀਰ ਅਤੇ ਅੱਧਿਆਤਮਿਕਤਾ ਨਾਲ ਹੈ। ਭਗਤੀ ਦੇ ਤਿੰਨ ਢੰਗ (ਭਗਤੀ, ਕਰਮ ਅਤੇ ਗਿਆਨ) ਵਿੱਚੋਂ ਕੋਈ ਵੀ ਢੰਗ ਨੂੰ ਮੁਸ਼ਕਲਾਂ, ਧਿਆਨ ਭੰਗ ਅਤੇ ਰੁਕਾਵਟਾਂ ਵਿੱਚੋਂ ਲੰਘਣਾ ਪੈਂਦਾ ਹੈ। ਔਖੇ ਸਮੇਂ ਵਿੱਚ ਮਨੁੱਖ ਨੂੰ ਸਾਰੀਰਕ ਅਤੇ ਮਾਨਸਿਕ ਸ਼ਕਤੀ ਦੀ ਜਰੂਰਤ ਹੁੰਦੀ ਹੈ, ਜਿਵੇਂ ਇਹ ਕਿਹਾ ਜਾਂਦਾ ਹੈ ਕਿ ਕਿਸੇ ਜੰਜੀਰ ਦੀ ਪੁਖਤਿਆਈ ਉਸ ਦੇ ਕਮਜੋਰ ਜੋੜ ਤੋਂ ਨਾਪੀ ਜਾਂਦੀ ਹੈ। ਇਸ ਰੁਕਾਵਟਾਂ ਦਾ ਮੁਕਾਬਲਾ ਬਹਾਦਰੀ ਨਾਲ ਕਰਨਾ ਪੈਂਦਾ ਹੈ। ਇਸ ਲਈ ਬਹਾਦਰੀ ਹੀ ਸ਼ਕਤੀ ਹੈ।

ਹਿੰਦੂਆਂ ਵਿੱਚ ਗਊ ਨੂੰ ਇਕ ਮਹਾਨ ਦਰਜਾ ਦਿੱਤਾ ਗਿਆ ਹੈ। ਇਸ ਪ੍ਰਸ਼ਨ ਦੇ ਉੱਤਰ ਤੋਂ ਪਤਾ ਲਗਦਾ ਹੈ ਕਿ ਮਾਂ ਕੌਣ ਹੈ? ਇਸ ਦਾ

ਉੱਤਰ ਗਊ ਹੈ ਜਿਹੜੀ ਦੁੱਧ ਅਤੇ ਖਾਦ ਦਿੰਦੀ ਹੈ।ਅੱਜ ਕੱਲ ਦੇ ਦਵਾਈਆਂ ਬਣਾਉਣ ਵਾਲੇ ਇਹ ਖੋਜ ਕਰ ਰਹੇ ਹਨ ਕਿ ਗਊ ਦਾ ਦੁੱਧ, ਗਊ ਦਾ ਪੇਸ਼ਾਬ ਅਤੇ ਗਊ ਦੇ ਗੋਹੇ ਵਿੱਚ ਦਵਾਈਆਂ ਵਾਲੇ ਕਿਹੜੇ ਗੁਣ ਹਨ ਜਿਹੜੇ ਅੰਗਰੇਜੀ ਦਵਾਈਆਂ ਵਿੱਚ ਨਹੀਂ ਹਨ ਤਾਂ ਜੋ ਉਨ੍ਹਾਂ ਗੁਣਾਂ ਨਾਲ ਕਈ ਬਿਮਾਰੀਆਂ ਠੀਕ ਕੀਤੀਆਂ ਜਾ ਸਕਣ।ਇਸੇ ਕਾਰਣ ਗਊ ਨੂੰ ਪੂਜਾ ਦਾ ਦਰਜਾ ਦਿੱਤਾ ਗਿਆ ਹੈ। ਇਕ ਢਿੱਲੇ ਅਤੇ ਸੁਸਤ ਮਨੁੱਖ ਨੂੰ ਘਟੀਆ ਦਰਜਾ ਦਿੰਦੇ ਹੋਏ ਆਚਾਰਿਆ ਉਨ੍ਹਾਂ ਨੂੰ ਮੌਤ ਦੇ ਬਰਾਬਰ ਸਮਝਦੇ ਹਨ।ਜੀਵਨ ਅਤੇ ਕਿਰਿਆ ਸਮਾਨਅਰਥੀ ਹਨ।ਸਖਤ ਮਿਹਨਤ ਤੋਂ ਬਿਨਾਂ ਕੁੱਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ।ਸ਼ਹਿਦ ਦੀ ਮੱਖੀ ਵਿੱਚ ਸ਼ਕਤੀ ਹੋਣ ਕਾਰਣ ਅਤੇ ਲਗਾਤਾਰ ਮੇਹਨਤ ਕਰਨ ਕਾਰਣ, ਉਸ ਨੂੰ ਸਖਤ ਮੇਹਨਤ ਕਰਨ ਵਾਲੀ ਦਾ ਦਰਜਾ ਦਿੱਤਾ ਹੋਇਆ ਹੈ ॥26॥

कुत्र विषं दुष्टजने किमिहाशौचं भवेदृणं नराणाम् ।
पातकं च किं हिंसा भयमपि किं वित्तमेव सर्वेषाम् ॥२७॥

ਕੁਤਰ ਵਿਸ਼ਮ ? ਦੁਸਟ-ਜਨੇ,
ਕਿਮਿਹਾ-ਆਸ਼ੋਚਮ ਭਵੇ? ਰਿਯਮਨਰਿਣਾਮ ।
ਫਾਤਕਮ ਚ ਕਿ ਹਿੰਸਾ ਭੈਮਪਿ ਕਿੰਮ ਵਿਤਮੇਵ ਸਰਵੇਸ਼ਮ॥27॥

ਪ੍ਰਸ਼ਨ: ਜ਼ਹਿਰ ਕਿੱਥੇ ਹੁੰਦਾ ਹੈ?
ਉੱਤਰ: ਮਾੜੇ ਲੋਕਾਂ ਵਿੱਚ।

ਪ੍ਰਸ਼ਨ: ਗੰਦਾ ਕੀ ਹੁੰਦਾ ਹੈ?

ਉੱਤਰ: ਇਸ ਸੰਸਾਰ ਵਿੱਚ ਲਿਆ ਕਰਜਾ।

ਪ੍ਰਸ਼ਨ: ਪਾਪ ਕੀ ਹੁੰਦਾ ਹੈ?

ਉੱਤਰ: ਦੂਜਿਆਂ ਪ੍ਰਤੀ ਹਿੰਸਾ।

ਪ੍ਰਸ਼ਨ: ਆਖਿਰਕਾਰ ਡਰ ਕੀ ਹੁੰਦਾ ਹੈ?

ਉੱਤਰ: ਅਸਲ ਵਿੱਚ, ਦੌਲਤ

ਇਸ ਸ਼ਲੋਕ ਵਿੱਚ ਡਰ ਦੀ ਵਿਆਖਿਆ ਕੀਤੀ ਗਈ ਹੈ। ਜਿਵੇਂ ਚੰਗੀ ਸੰਗਤ ਕਰਨੀ ਚਾਹੀਦੀ ਹੈ, ਮਨੁੱਖ ਨੂੰ ਬੁਰੀ ਸੰਗਤ ਤੋਂ ਬਚਣਾ ਚਾਹੀਦਾ ਹੈ। ਆਚਾਰਿਆ ਕਹਿੰਦੇ ਹਨ, ਬੁਰੀ ਸੰਗਤ ਜ਼ਹਿਰ ਹੈ। ਉਹ ਕੌਣ ਹੈ ਜੋ ਜ਼ਹਿਰ ਤੋਂ ਬਚਣਾ ਨਹੀਂ ਚਾਹੁੰਦਾ? ਜਿਹੜਾ ਮਨੁੱਖ ਜਹਿਰ ਨਹੀਂ ਲੈਂਦਾ ਉਸ ਨੂੰ ਜਾਨ ਦਾ ਖਤਰਾ ਨਹੀਂ ਹੁੰਦਾ। ਜੀਵਨ ਕੋਈ ਖਾਲੀ ਰਸਮੀ ਨਹੀਂ, ਇਹ ਤਾਂ ਮੋਕਸ਼ ਪ੍ਰਾਪਤ ਕਰਨ ਲਈ ਹੈ। ਮਨੁੱਖ ਦਾ ਜਨਮ ਲਾਸਾਨੀ ਹੈ। ਇਸ ਲਈ ਮਨੁੱਖ ਨੂੰ ਸੱਚੇ ਗਿਆਨ ਦੀ ਖੋਜ ਕਰਨੀ ਚਾਹੀਦੀ ਹੈ ਤਾਂ ਜੋ ਮੋਕਸ਼ ਪ੍ਰਾਪਤ ਕੀਤਾ ਜਾ ਸਕੇ। ਜਿਸ ਤਰ੍ਹਾਂ ਜ਼ਹਿਰ ਮਨੁੱਖ ਦਾ ਜੀਵਨ ਸਮਾਪਤ ਕਰ ਦਿੰਦਾ ਹੈ, ਬੁਰੇ ਲੋਕਾਂ ਦੀ ਸੰਗਤ ਵੀ ਅੱਧਿਆਤਮਿਕ ਜੀਵਨ ਨਸ਼ਟ ਕਰ ਦਿੰਦੀ ਹੈ।

ਅੱਧਿਆਤਮਿਕ ਜੀਵਨ ਦੀ ਤਰੱਕੀ ਲਈ ਮਨੁੱਖ ਨੂੰ ਪਵਿੱਤਰ ਰਹਿਣਾ ਹੋਵੇਗਾ। ਆਪਣੀ ਆਮਦਨ ਦੇ ਅੰਦਰ ਜੀਵਨ ਬਸਰ ਕਰਨ ਨੂੰ ਸਬਰ ਕਹਿੰਦੇ ਹਨ ਅਤੇ ਇਹ ਸਾਰਾ ਕੁੱਝ ਇੱਛਾ ਉੱਤੇ ਕਾਬੂ ਪਾਉਣ ਕਾਰਣ ਹੁੰਦਾ ਹੇ। ਕਰਜ਼ ਲੈ ਕੇ ਰਹਿਣਾ ਅਧੂਰਦਰਸ਼ੀ ਹੈ ਅਰਥਾਤ ਇਸ ਤਰ੍ਹਾਂ

ਰਹਿਣਾ, ਆਪਣੀ ਚਾਦਰ ਤੋਂ ਬਾਹਰ ਪੈਰ ਪਿਸਾਰਨ ਦੀ ਤਰ੍ਹਾਂ ਰਹਿਣਾ ਹੈ।

ਕਰਜ਼ ਦੇ ਕਾਰਣ ਮਾਨਸਿਕ ਦਬਾਓ ਵੱਧਦਾ ਹੈ।ਸ਼ਾਰੀਰਕ ਕਸ਼ਟ ਆਉਂਦੇ ਹਨ ਅਤੇ ਕਦੇ ਕਦੇ ਪਰਿਵਾਰ ਵੱਖ ਹੋ ਜਾਂਦੇ ਹਨ ਅਤੇ ਕਈ ਬਾਰ ਲੋਕ ਮਜਬੂਰੀ ਵਿੱਚ ਆ ਕੇ ਖੁਦਖੁਸ਼ੀ ਕਰ ਲੈਂਦੇ ਹਨ।ਇਸ ਤਰ੍ਹਾਂ ਆਚਾਰਿਆ ਨੇ ਕਰਜ ਲੈਣ ਨੂੰ ਇਕ ਬੁਰਾ ਕਰਮ ਕਿਹਾ ਹੈ।

ਪਾਪ ਨੂੰ ਸਮਝਣਾ ਆਸਾਨ ਹੈ।ਪਾਪ ਉਹ ਹੈ ਜਿਹੜਾ ਧਰਮ ਦੇ ਉਲਟ ਹੈ ਅਤੇ ਤੁਹਾਡੇ ਅੱਧਿਆਤਮਿਕ ਜੀਵਨ ਨੂੰ ਗਲਤ ਰਸਤੇ ਤੇ ਲੈ ਕੇ ਜਾਂਦਾ ਹੈ।ਇਸ ਦੇ ਕਈ ਮਾੜੇ ਨਤੀਜੇ ਨਿਕਲਦੇ ਹਨ।ਆਚਾਰਿਆ ਕਹਿੰਦੇ ਹਨ ਕਿ ਦੂਜਿਆਂ ਉੱਤੇ ਕੀਤੀ ਕੋਈ ਵੀ ਹਿੰਸਾ, ਪਾਪ ਹੈ।

ਬਹੁਤ ਮਾਤਰਾ ਵਿੱਚ ਧਨ, ਬੇਅਰਥ ਹੈ।ਇਸ ਤੋਂ ਤੁਹਾਨੂੰ ਕੋਈ ਖੁਸ਼ੀ ਪ੍ਰਾਪਤ ਨਹੀਂ ਹੁੰਦੀ।ਅਮੀਰ ਲੋਕ, ਆਪਣੇ ਬੱਚਿਆਂ ਤੋਂ ਡਰਦੇ ਹਨ।ਇਹ ਪੱਕੀ ਸਚਾਈ ਹੈ।ਇਸ ਲਈ, ਡਰ ਦਾ ਕਾਰਣ ਧਨ ਹੈ॥27॥

सम्भावितस्य मरणादधिकं किं दुर्यशो भवति ।
लोके सुखी भवेत्को धनवान् धनमपि च किं यतश्चेष्टम् ॥२८॥

ਸੰਮਭਾਵਤਸਿਆ ਮਰਣਾਦ-ਧਿਕੰਮ ਕਿਮ? ਦੁਰਅਸ਼ੋ ਭਵਤੀ
ਲ਼ੋਕੇ ਸੁਖੀ ਭਵੇਤ ਕੋ? ਧਨਵਾਨ, ਧਨਮਪਿਚ ਕਿੰਮ ਯਤਸ਼-ਚੇਸ਼ਟਮ॥28॥

ਪ੍ਰਸ਼ਨ: ਇੱਕ ਭੱਦਰ ਪੁਰਖ ਦੀਆਂ ਨਜਰਾਂ ਵਿੱਚ ਮੌਤ ਤੋਂ ਜਿਆਦਾ ਮਹੱਤਤਾ ਵਾਲੀ ਚੀਜ ਕਿਹੜੀ ਹੈ?

ਉੱਤਰ: ਮਨੁੱਖ ਦਾ ਆਪਣਾ ਜਸ ਅਤੇ ਨਾਂ ਦਾ ਖੋ ਜਾਣਾ।

ਪ੍ਰਸ਼ਨ: ਇਸ ਸੰਸਾਰ ਵਿੱਚ ਕੌਣ ਆਰਾਮ ਪ੍ਰਸਤ ਹੈ?

ਉੱਤਰ: ਇਕ ਅਮੀਰ ਆਦਮੀ।

ਪ੍ਰਸ਼ਨ: ਆਖਿਰਕਾਰ, ਉਹ ਕਿਹੜੀ ਦੌਲਤ ਹੈ?

ਉੱਤਰ: ਉਹ ਦੌਲਤ ਜਿਹੜੀ ਸਾਰੀਆਂ ਇੱਛਾਵਾਂ ਪੂਰੀ ਕਰੇ।

ਸਮਾਜ ਵਿੱਚ ਜਸ ਅਤੇ ਇਜੱਤ ਮਹੱਤਤਾ ਵਾਲੀਆਂ ਚੀਜਾਂ ਹਨ।ਇਜੱਤ ਵਾਲੇ ਲੋਕ ਹਮੇਸ਼ਾ ਸਤਰੱਕ ਰਹਿੰਦੇ ਹਨ।ਮਨੁੱਖ ਨੂੰ ਆਪਣੀ ਇੱਜਤ ਹਰ ਹਾਲਤ ਵਿੱਚ ਕਾਇਮ ਰੱਖਣੀ ਚਾਹੀਦੀ ਹੈ।ਇਸ ਲਈ ਆਚਾਰਿਆ ਕਹਿੰਦੇ ਹਨ ਕਿ ਸਨਮਾਨ ਵਾਲਾ ਮਨੁੱਖ, ਆਪਣਾ ਸਨਮਾਨ ਖੋਣ ਦੀ ਬਜਾਏ ਮਰਨਾ ਚੰਗਾ ਸਮਝਦਾ ਹੈ।ਇਕ ਸੰਸਾਰੀ ਪ੍ਰਸ਼ਨ ਹੈ ਕਿ ਉਹ ਕਿਹੜਾ ਮਨੁੱਖ ਹੈ ਜਿਸ ਨੂੰ ਆਰਾਮ ਹੀ ਆਰਾਮ ਹੈ।ਇਸ ਦਾ ਉੱਤਰ ਹੈ ਧਨੀ ਪੁਰਖ।ਉਹ ਧਨ, ਮਨੁੱਖ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਦਾ ਹੈ।ਭਾਵੇਂ ਇਹ ਪ੍ਰਸ਼ਨ ਬੜੇ ਬਨਾਵਟੀ ਲਗਦੇ ਹਨ ਪਰ ਇਨ੍ਹਾਂ ਦੀ ਬਹੁਤ ਡੂੰਘੀ ਅੱਧਿਆਤਮਿਕ ਮਹੱਤਤਾ ਹੈ।ਅੱਜ ਦੇ ਨਵੇਂ ਸੰਸਾਰ ਵਿੱਚ ਅਮੀਰਾਂ ਦੀਆਂ ਕਈ ਕਹਾਣੀਆਂ ਹਨ।ਪਿਛਲੇ ਜਮਾਨੇ ਵਿੱਚ ਕੋਈ ਕੋਈ ਲੱਖਪਤੀ ਹੁੰਦਾ ਸੀ ਪਰ ਹੁਣ ਬਹੁਤ ਮਾਤਰਾ ਵਿੱਚ ਕਰੋੜਪਤੀ ਹਨ।ਜਦ ਕਿਸੇ ਮਨੁੱਖ ਕੋਲ ਜਿਆਦਾ ਧਨ ਹੁੰਦਾ ਹੈ ਤਾਂ ਦੂਜਾ ਮਨੁੱਖ

ਸੋਚਦਾ ਹੈ ਕਿ ਉਹ ਮਨੁੱਖ ਬਹੁਤ ਖੁਸ਼ ਹੋਵੇਗਾ ਅਤੇ ਆਰਾਮ ਨਾਲ ਰਹਿੰਦਾ ਹੋਵੇਗਾ। ਪਰ ਘੱਟ ਅਮੀਰ ਨੂੰ ਇਹ ਨਹੀਂ ਪਤਾ ਕਿ ਮੇਰੇ ਤੋਂ ਅਮੀਰ ਮਨੁੱਖ ਆਪਣੇ ਤੋਂ ਜਿਆਦਾ ਅਮੀਰ ਮਨੁੱਖ ਨੂੰ ਵੇਖ ਕੇ ਉਦਾਸ ਹੁੰਦਾ ਹੈ ਕਿ ਉਸ ਕੋਲ ਉਹ ਚੀਜ ਨਹੀਂ ਜਿਹੜੀ ਉਸ ਅਮੀਰ ਕੋਲ ਹੈ। ਇਸ ਲਈ ਧਨ ਕਿਸੇ ਨੂੰ ਖੁਸ਼ ਨਹੀਂ ਰੱਖ ਸਕਦਾ। ਕਦੇ ਵੀ, ਕਿਸੇ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਨਹੀਂ ਹੋ ਸਕਦੀਆਂ। ਕੇਵਲ, ਹਰ ਇਕ ਨੂੰ ਆਪਣੀਆਂ ਇੱਛਾਵਾਂ ਉੱਤੇ ਕਾਬੂ ਪਾਉਣਾ ਚਾਹੀਦਾ ਹੈ। ਇਸ ਲਈ ਉਹੀ ਮਨੁੱਖ ਖੁਸ਼ ਰਹਿ ਸਕਦਾ ਹੈ ਜਿਹਦੇ ਕੋਲ ਉਨਾਂ ਪੈਸਾ ਹੈ ਜਿਹਦੇ ਨਾਲ ਉਹ ਆਪਣਾ ਗੁਜਾਰਾ ਕਰ ਸਕਦਾ ਹੈ। ਸ਼ਾਇਦ ਇਹੀ ਕਾਰਣ ਹੈ ਕਿ ਆਚਾਰਿਆ ਨੇ ਧਨ ਦੇ ਦੋ ਪ੍ਰਸ਼ਨਾਂ ਨੂੰ ਇਕੱਠਾ ਕਰ ਕੇ ਉਸ ਦਾ ਉੱਤਰ ਦਿੱਤਾ ਹੈ॥28॥

को वर्धते विनीतः   को वा हीयते यो दृप्तः ।
को न प्रत्येतव्यो   ब्रूते यश्चानृतं शश्वत् ॥२९॥

ਕੋ ਵਰਧਤੇ? ਵਿਨੀਤਮ, ਕੋ ਵਾ ਹਿਯਤੇ? ਯੋ ਦ੍ਰਿਪਤਹ।
ਕੋ ਨ ਪ੍ਰਤਏਤਵਿਉ? ਬਰੂਤੇਯਸ਼ਚਾ–ਨਰਿਤਮ ਸ਼ਸਵਤ॥29॥

ਪ੍ਰਸ਼ਨ: ਉਹ ਕੌਣ ਹੈ ਜਿਹਦੀ ਪਦਵੀ ਉੱਚੀ ਹੋ ਜਾਂਦੀ ਹੈ?
ਉੱਤਰ: ਉਹ ਮਨੁੱਖ, ਜਿਹਦੇ ਵਿੱਚ ਹਲੀਮੀ ਹੁੰਦੀ ਹੈ।
ਪ੍ਰਸ਼ਨ: ਕਿਸ ਮਨੁੱਖ ਦੀ ਇਜੱਤ ਘੱਟ ਜਾਂਦੀ ਹੈ?
ਉੱਤਰ: ਉਹ ਮਨੁੱਖ ਜਿਹਦੇ ਵਿੱਚ ਅਹਿਮ ਅਤੇ ਹੰਕਾਰ ਹੋਵੇ।

ਪ੍ਰਸ਼ਨ: ਉਹ ਕਿਹੜਾ ਮਨੁੱਖ ਹੈ ਜਿਹਦੇ ਉੱਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ?

ਉੱਤਰ: ਉਹ ਮਨੁੱਖ ਕਿਹੜਾ ਬਾਰਾਂਮਾਹੀ ਝੂਠ ਬੋਲਦਾ ਹੈ।

ਭਾਵੇਂ ਅੱਧਿਆਤਮਿਕ ਤਰੱਕੀ ਲਈ ਮਨੁੱਖ ਵਿੱਚ ਹਲੀਮੀ ਹੋਣਾ ਜਰੂਰੀ ਹੈ ਪਰ ਆਚਾਰਿਆ ਇਕ ਹੋਰ ਪ੍ਰਸ਼ਨ ਉੱਤੇ ਵੀ ਜੋਰ ਦਿੰਦੇ ਹਨ ਕਿ ਕਿਸ ਮਨੁੱਖ ਦੀ ਪਦਵੀ ਉਚੀ ਹੋ ਜਾਂਦੀ ਹੈ ਅਰਥਾਤ ਕਿਹੜੇ ਮਨੁੱਖ ਦਾ ਕਦ ਸਮਾਜ ਵਿੱਚ ਵੱਡਾ ਹੋ ਜਾਂਦਾ ਹੈ।ਇਹ ਭਾਵੇਂ ਲਗਦਾ ਹੋਵੇ ਕਿ ਇਹ ਸੰਸਾਰੀ ਪ੍ਰਸ਼ਨ ਹੈ ਪਰ ਇਸ ਦਾ ਸੰਬੰਧ ਅੱਧਿਆਤਮਿਕ ਤਰੱਕੀ ਨਾਲ ਹੈ।ਹਲੀਮੀ ਨਾਲ ਗਲ ਕਰਨ ਵਾਲੇ ਦਾ ਹਰ ਕੋਈ ਸਨਮਾਨ ਕਰਦਾ ਹੈ।ਇਹ ਇਕ ਪੜ੍ਹੇ ਲਿਖੇ ਮਨੁੱਖ ਦੀ ਪਹਿਚਾਣ ਹੈ।ਇਸ ਦੇ ਉਲਟ ਉਹ ਮਨੁੱਖ ਜਿਸ ਵਿੱਚ ਹੰਕਾਰ ਹੋਵੇ, ਉਸ ਨੂੰ ਸਮਾਜ ਪਸੰਦ ਨਹੀਂ ਕਰਦਾ, ਭਾਵੇਂ ਉਹ ਉੱਚੀ ਪਦਵੀ ਤੇ ਬੈਠਾ ਹੋਵੇ।

ਉਸੇ ਤਰ੍ਹਾਂ ਇਕ ਹੋਰ ਪ੍ਰਸ਼ਨ ਕਿ ਕਿਸ ਤਰ੍ਹਾਂ ਦੇ ਮਨੁੱਖ ਉੱਤੇ ਯਕੀਨ ਨਹੀਂ ਕੀਤਾ ਜਾ ਸਕਦਾ।ਉਸ ਦਾ ਉੱਤਰ ਹੈ ਜਿਹੜਾ ਬਾਰਾਂਮਹੀਨੇ ਝੂਠ ਬੋਲਦਾ ਹੈ ਅਤੇ ਉਹ ਸੱਚ ਦੀ ਕਦਰ ਨਹੀਂ ਕਰਦਾ।ਅਸੀਂ ਇੱਕ ਭੇਡਾਂ ਚਾਰਨ ਵਾਲੇ ਦੀ ਕਹਾਣੀ ਯਾਦ ਕਰਦੇ ਹਾਂ ਜਿਹੜਾ ਝੂਠ ਬੋਲ ਕੇ ਕਹਿੰਦਾ ਸੀ, ਭੇੜੀਆ ਆਇਆ, ਭੇੜਿਆ ਆਇਆ।ਲੋਕ ਉਸ ਦੀ ਮਦਦ ਨੂੰ ਆਉਂਦੇ ਸਨ ਪਰ ਉਥੇ ਭੇੜੀਆ ਨਹੀਂ ਹੁੰਦਾ ਸੀ।ਜਦ ਇਕ ਦਿਨ ਸੱਚ ਮੁੱਚ ਭੇੜੀਆ ਆਇਆ ਤਾਂ ਕੋਈ ਵੀ ਉਸ ਦੀ

ਮਦਦ ਨੂੰ ਨਹੀਂ ਆਇਆ ਅਤੇ ਭੇੜੀਏ ਨੇ ਉਸ ਉੱਤੇ ਹਮਲਾ ਕਰ ਦਿੱਤਾ॥29॥

कुत्रानृतेऽप्यपापं यच्चोक्तं धर्मरक्षार्थम् ।
को धर्मोऽभिमतो यः शिष्टानां निजकुलीनानाम् ॥३०॥

ਕੁਤ੍ਰਾ-ਨਰੂਤੇਪਯਪਾਪਮ? ਯਚ-ਚੌਕਤਮਧਰਮ-ਰਕਸ਼ਨਾਰਥਮ
ਕੋ ਧਰਮਾ? ਅਭੀਮਤੋ ਯਾਹ ਸ਼ਿਸ਼ਟਾਨਾਮ ਨਿਜ-ਕੁਲੀ ਨਾਨਾਮ॥30॥

ਪ੍ਰਸ਼ਨ: ਕਿਸ ਵੇਲੇ ਝੂਠ ਬੋਲਿਆ ਪਾਪ ਨਹੀਂ ਹੁੰਦਾ ਹੈ?
ਉੱਤਰ: ਜਦ ਝੂਠ ਧਰਮ ਦੀ ਰੱਖਿਆ ਲਈ ਬੋਲਿਆ ਜਾਂਦਾ ਹੈ।
ਪ੍ਰਸ਼ਨ: ਧਰਮ, ਕਿਸ ਨੂੰ ਕਹਿੰਦੇ ਹਨ?
ਉੱਤਰ: ਆਪਣੇ ਪਰਿਵਾਰ ਦੇ ਭੱਦਰ ਪੁਰਖ ਦੀ ਰਾਹ ਤੇ ਚਲਣਾ।

ਸਚਾਈ ਉੱਤੇ ਸਖਤੀ ਨਾਲ ਚਲਣ ਦੇ ਕੁੱਝ ਅਪਵਾਦਾਂ ਨੂੰ ਇਸ ਸ਼ਲੋਕ ਵਿੱਚ ਦੱਸਿਆ ਗਿਆ ਹੈ। ਸਚਾਈ ਦੀ ਪਾਲਣਾ ਨਾ ਕਰਨ ਦਾ ਨਤੀਜਾ, ਪਾਪ ਕਰਨ ਦੇ ਬਰਾਬਰ ਹੈ। ਅਪਵਾਦ ਉਹ ਹੈ ਜਦ ਧਰਮ ਅਧਰਮ ਕਰਨ ਨੂੰ ਕਹਿੰਦਾ ਹੈ। ਕੁੱਝ ਉਦਾਹਰਣਾਂ ਰਾਮਾਇਣ ਵਿੱਚ ਮਿਲਦੀਆਂ ਹਨ। ਜਦ ਭਗਵਾਨ ਰਾਮ, ਉਨ੍ਹਾਂ ਦੀ ਪਤਨੀ ਅਤੇ ਉਨ੍ਹਾਂ ਦਾ ਭਰਾ, ਆਪਣੇ ਪਿਤਾ ਦਸ਼ਰਥ ਦੇ ਕਹਿਣ ਉੱਤੇ ਜੰਗਲਾਂ ਨੂੰ ਜਾ ਰਹੇ ਸਨ ਤਾਂ ਰਾਮ ਦੇ ਇਕ ਹੋਰ ਭਰਾ ਸੁਮੰਤ੍ਰਾ, ਜਿਹੜਾ ਰੱਥ ਚਲਾ ਰਿਹਾ ਸੀ, ਉਸ ਨੇ ਸ਼੍ਰੀ ਰਾਮ ਨੂੰ ਸੂਚਨਾ ਦਿਤੀ ਕਿ ਰਾਜਾ ਚਾਹੁੰਦੇ

ਹਨ ਕਿ ਰਾਮ ਉਨ੍ਹਾਂ ਨੂੰ ਇਕ ਬਾਰ ਵੇਖ ਲੈਣ। ਰਾਮ ਨੇ ਸੁਮੰਤ੍ਰਾ ਨੂੰ ਹਦਾਇਤ ਕੀਤੀ ਕਿ ਉਹ ਰੱਥ ਨੂੰ ਖੜਾ ਨਾ ਕਰੇ ਕਿਉਂ ਜੋ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਪਿਤਾ ਉਦਾਸ ਹੋ ਜਾਣਗੇ ਅਤੇ ਜੇ ਰਾਮ ਜੰਗਲਾਂ ਨੂੰ ਨਹੀਂ ਜਾਂਦੇ ਤਾਂ ਪਿਤਾ ਵੱਲੋਂ ਮਾਂ ਕੇਕਈ ਨੂੰ ਦਿੱਤਾ ਵਚਨ ਭੰਗ ਹੋ ਜਾਵੇਗਾ। ਇਸ ਲਈ ਰਾਮ ਨੇ ਸੁਮੰਤ੍ਰਾ ਨੂੰ ਹਦਾਇਤ ਕੀਤੀ ਕਿ ਉਹ ਪਿਤਾ ਨੂੰ ਕਹਿ ਦੇਣ ਕਿ ਰਾਮ ਜਦ ਜੰਗਲਾਂ ਨੂੰ ਚਲ ਪਏ ਤਾਂ ਉਨ੍ਹਾਂ ਪਿਤਾ ਦੇ ਸ਼ਬਦਾਂ ਨੂੰ ਨਹੀਂ ਸੁਣਿਆ। ਭਾਵੇਂ ਇਹ ਝੂਠ ਸੀ ਫਿਰ ਵੀ ਇਹ ਧਰਮ ਦੀ ਰੱਖਿਆ ਲਈ ਝੂਠ ਬੋਲਣਾ ਪਿਆ। ਉਸੇ ਤਰ੍ਹਾਂ ਜਦ ਹਨੂਮਾਨ ਲੰਕਾ ਸ਼ਹਿਰ ਅੰਦਰ ਜਾਣ ਲੱਗੇ ਤਾਂ ਉਨ੍ਹਾਂ ਨੇ ਮੁੱਖ ਦੇਵੀ ਤੋਂ ਸ਼ਹਿਰ ਅੰਦਰ ਜਾਣ ਦੀ ਆਗਿਆ ਲਈ। ਇਹ ਪੁੱਛੇ ਜਾਣ ਤੇ ਕਿ ਉਹ ਸ਼ਹਿਰ ਕਿਉਂ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਝੂਠ ਬੋਲਿਆ ਕਿ ਉਹ ਸ਼ਹਿਰ ਵੇਖਣਾ ਚਾਹੁੰਦੇ ਹਨ। ਧਰਮ ਦੀ ਰੱਖਿਆ ਲਈ, ਝੂਠ ਬੋਲਣਾ ਜਰੂਰੀ ਸੀ। ਜਦ ਸ਼ਕਤੀਮਾਨ ਹਨੂਮਾਨ ਮਾਂ ਸੀਤਾ ਨੂੰ ਅਸ਼ੋਕ ਵਾਟਿਕਾ ਵਿੱਚ ਮਿਲੇ ਤਾਂ ਉਨ੍ਹਾਂ ਨੇ ਮਾਂ ਨੂੰ ਕਿਹਾ ਕਿ ਉਹ ਸ਼੍ਰੀ ਰਾਮ ਦੀ ਫੋਜ ਵਿੱਚ ਇਕ ਛੋਟੇ ਜਿਹੇ ਸਿਪਾਹੀ ਹਨ ਜਿਹੜੇ ਉਨ੍ਹਾਂ ਨੂੰ ਆਜਾਦ ਕਰਵਾਉਣ ਲਈ ਆ ਰਹੇ ਹਨ। ਇਕ ਹੋਰ ਮੋਕੇ ਤੇ ਜਦ ਮਾਂ ਸੀਤਾ ਨੂੰ ਲੰਕਾਂ ਦੇ ਰਾਖਿਆਂ ਨੇ ਪ੍ਰਸ਼ਨ ਕੀਤਾ ਕਿ ਉਹ ਕਿਹਦੇ ਨਾਲ ਗਲ ਕਰ ਰਹੇ ਹਨ ਤਾਂ ਉਨ੍ਹਾਂ ਨੇ ਰਾਖਿਆਂ ਨੂੰ ਨਹੀਂ ਦੱਸਿਆ ਕਿ ਉਹ ਹਨੂਮਾਨ ਨਾਲ ਗਲ ਕਰ ਰਹੇ ਹਨ।

ਅਗਲਾ ਪ੍ਰਸ਼ਨ ਸਹੀ ਰਸਤਾ ਅਪਨਾਉਣ ਬਾਰੇ ਹੈ।ਇਸ ਦਾ ਸਾਧਾਰਨ ਉੱਤਰ ਹੈ ਕਿ ਆਪਣੇ ਬਜ਼ੁਰਗਾਂ ਅਤੇ ਮਹਾਨ ਪੁਰਖਾਂ ਦੇ ਦੱਸੇ ਗਏ ਰਸਤੇ ਤੇ ਚਲੋ।ਇਹੋ ਸਿੱਖਿਆ ਮਹਾਭਾਰਤ ਵਿੱਚ ਇਸ ਪ੍ਰਸ਼ਨ ਤੇ ਦਿੱਤੀ ਹੈ ਕਿ ਸਹੀ ਰਸਤਾ ਕਿਹੜਾ ਹੈ? ਉੱਤਰ ਵਿੱਚ ਕਿਹਾ ਗਿਆ ਹੈ ਕਿ ਮਨੁੱਖ ਨੂੰ ਜੀਵਨ ਵਿੱਚ ਉਸ ਰਸਤੇ ਤੇ ਚਲਣਾ ਚਾਹੀਦਾ ਹੈ ਜਿਹੜਾ ਮਹਾਨ ਪੁਰਖਾਂ ਨੇ ਦੱਸਿਆ ਹੈ।ਕਾਲੀਦਾਸ ਕਵੀ ਨੇ ਰਘੁਵੰਸ਼ ਵਿੱਚ ਦੱਸਿਆ ਹੈ ਕਿ ਵੀਰ ਗਾਥਾ ਵਿੱਚ ਰਾਜਾ ਦਲੀਪ ਨੇ ਆਪਣੇ ਮਹਾਨ ਬਜ਼ੁਰਗਾਂ ਦਾ ਰਸਤਾ ਇਖਤਿਆਰ ਕੀਤਾ ਸੀ॥30॥

साधुबलं किं दैवं कः साधुः सर्वदा तुष्टः ।
दैवं किं यत्सुकृतं कः सुकृती श्लाघ्यते च यः सद्भिः ॥३१॥

ਸਾਧੂਬਲਮ ਕਿੰਮ? ਦੈਵਮ, ਕਾ ਸਾਧੂ? ਸ਼ਰਵਦਾ ਤੁਸ਼ਟਾਹ
ਦੇਵਮ ਕਿੰਮ? ਯਸਸੁਕ੍ਰਿਤਮ ਕਹਸੁਕ੍ਰਿਤੀ ਸ਼ਲਾਘਯਤੇ ਯਾਹ - ਸਦਭੀ॥31॥

ਪ੍ਰਸ਼ਨ: ਇਕ ਪਵਿੱਤਰ ਅਤੇ ਸਾਧੂ ਦੀ ਕਿਹੜੀ ਸ਼ਕਤੀ ਹੈ?
ਉੱਤਰ: ਭਗਵਾਨ
ਪ੍ਰਸ਼ਨ: ਈਸ਼ਵਰ ਕਿਸ ਨੂੰ ਕਹਿੰਦੇ ਹਨ?
ਉੱਤਰ: ਭੁਤਕਾਲ ਵਿੱਚ ਕੀਤੇ ਕਰਮਾਂ ਨੂੰ।
ਪ੍ਰਸ਼ਨ: ਜਿਸ ਨੇ ਚੰਗਾ ਕੰਮ ਕੀਤਾ ਹੋਵੇ, ਉਹ ਕੌਣ ਹੈ?
ਉੱਤਰ: ਉਹ ਮਨੁੱਖ ਜਿਸ ਦੀ ਸਿਫਤ ਭੱਦਰ ਪੁਰਖ ਕਰਦੇ ਹਨ।

ਸਿੱਖਿਆ ਦਾ ਅੰਤ, ਚਾਲ ਚਲਣ ਹੈ।ਸਾਧਨਾ ਦਾ ਲਕਸ਼ ਈਸ਼ਵਰ ਪ੍ਰਾਪਤੀ ਹੈ ਅਤੇ ਜੀਵਨ ਮਰਣ ਤੇ ਚੱਕਰ ਤੋਂ ਛੁਟਕਾਰਾ ਪਾਉਣਾ ਹੈ।ਸਾਧੂ ਦੀ ਕਿਹੜੀ ਸ਼ਕਤੀ ਹੈ ਇਸ ਦਾ ਉੱਤਰ ਹੈ, ਇਸ ਗਲ ਤੇ ਪੂਰਾ ਵਿਸ਼ਵਾਸ਼ ਕਿ ਭਗਤੀ ਦਾ ਰਾਹ ਅਪਨਾਉਣ ਨਾਲ, ਇਹ ਵਿਸ਼ਵਾਸ਼ ਦਾ ਹੋਣਾ ਕਿ ਈਸ਼ਵਰ ਹਰ ਜਗ੍ਹਾ ਹਨ ਅਤੇ ਸਰਵ-ਸ਼ਕਤੀਮਾਨ ਹਨ।ਭਗਵੰਤਮ ਵਿੱਚ ਭਗਤ ਪ੍ਰਹਲਾਦ ਦੀ ਇਕ ਮਸ਼ਹੂਰ ਕਹਾਣੀ ਹੈ ਕਿ ਛੋਟੀ ਉਮਰ ਵਿੱਚ ਹੀ ਪ੍ਰਹਲਾਦ ਨੇ ਭਗਤੀ ਦੀ ਮਦਦ ਨਾਲ, ਮਾਨ ਹਾਸਲ ਕਰ ਲਿਆ ਸੀ।ਉਸ ਦਾ ਵਿਸ਼ਵਾਸ਼ ਇੱਨਾ ਅੱਟਲ ਸੀ ਕਿ ਭਗਵਾਨ ਵਿਸ਼ਨੂੰ ਨੂੰ ਨਰਸਿਮਹ ਦੇ ਰੂਪ ਵਿੱਚ ਨੌਵਾਂ ਅਵਤਾਰ ਲੈਣਾ ਪਿਆ ਸੀ।ਪ੍ਰਹਲਾਦ ਦੇ ਪਿਤਾ ਹਰਨਾਕਸ਼ਪ ਭਗਵਾਨ ਨੂੰ ਨਹੀਂ ਮੰਨਦੇ ਸਨ।ਪ੍ਰਹਲਾਦ ਦੇ ਪਿਤਾ ਨੇ ਉਸ ਨੂੰ ਚਨੌਤੀ ਦਿੱਤੀ ਕਿ ਜੇ ਈਸ਼ਵਰ ਹਰ ਜਗ੍ਹਾ ਹਨ ਤਾਂ ਕੀ ਉਹ ਇਸ ਪੰਬੇ ਵਿੱਚ ਵੀ ਹਨ? ਜਦ ਪ੍ਰਹਲਾਦ ਨੇ ਹਾਂ ਵਿੱਚ ਜਵਾਬ ਦਿੱਤਾ ਤਾਂ ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਭਗਵਾਨ ਨਰਸਿਮਹ ਖੰਬੇ ਵਿੱਚੋਂ ਪ੍ਰਗਟ ਹੋਏ ਅਤੇ ਹਰਨਾਕਸ਼ਪ ਦਾ ਅੰਤ ਕਰ ਦਿੱਤਾ।ਇਕ ਇਹ ਵੀ ਕਹਾਵਤ ਹੈ ਕਿ ਵਿਸ਼ਵਾਸ ਤਾਂ ਪਹਾੜਾਂ ਨੂੰ ਵੀ ਹਿਲਾ ਦਿੰਦਾ ਹੈ, ਇਸ ਉਦਾਹਰਣ ਨਾਲ ਢੁਕਦੀ ਹੈ।ਇਹ ਪ੍ਰਸ਼ਨ ਕਿ ਕਿਹੜਾ ਮਨੁੱਖ ਪਵਿੱਤਰ ਕਹਾਉਂਦਾ ਹੈ ਇਸ ਦਾ ਉੱਤਰ ਹੈ ਕਿ ਉਹ ਮਨੁੱਖ ਜਿਹਦੇ ਵਿੱਚ ਸਬਰ ਹੁੰਦਾ ਹੈ ਅਰਥਾਤ ਜਿਹਦੀ ਕੋਈ ਇੱਛਾ ਨਹੀਂ ਹੁੰਦੀ।ਉਹ ਹਰ ਵੇਲੇ ਭਗਵਾਨ ਦਾ ਸਿਮਰਨ ਕਰਦਾ ਹੈ ਅਤੇ ਧਰਮ ਦੇ ਰਸਤੇ ਤੇ ਚਲਦਾ ਹੈ।ਇਕ ਪਵਿੱਤਰ ਮਨੁੱਖ ਜਾਂ ਸਾਧੂ ਸਦਾ ਤ੍ਰਿਪਤ ਰਹਿੰਦਾ ਹੈ।ਜਿਹੜਾ ਮਨੁੱਖ

ਹਮੇਸ਼ਾ ਖੁਸ਼ ਰਹਿੰਦਾ ਹੈ, ਉਸ ਨੂੰ ਦਿਨ ਪ੍ਰਤਿ ਦਿਨ ਹਰ ਤਰ੍ਹਾਂ ਦੀ ਦੌਲਤ ਪ੍ਰਾਪਤ ਹੁੰਦੀ ਹੈ। ਚੰਗੇ ਕਰਮ ਕਰਨ ਵਾਲਾ ਹੀ ਈਸ਼ਵਰ ਰੂਪ ਹੈ।

ਜਿਸ ਮਨੁੱਖ ਨੇ ਤੁਹਾਡਾ ਭਲਾ ਕੀਤਾ ਹੋਵੇ ਉਸ ਦਾ ਤੁਹਾਨੂੰ ਕਿਵੇਂ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ? ਉਹ ਮਨੁੱਖ ਹੀ ਚੰਗਾ ਮਨੁੱਖ ਹੈ ਜਿਹੜਾ ਉਨ੍ਹਾਂ ਦਾ ਵੀ ਚੰਗਾ ਕਰਦਾ ਹੈ ਜਿਨ੍ਹਾਂ ਉਸ ਦਾ ਅਪਮਾਨ ਕੀਤਾ ਹੋਵੇ ਅਤੇ ਨੁਕਸਾਨ ਪਹੁੰਚਾਇਆ ਹੋਵੇ। ਜਿਸ ਵੇਲੇ ਉਹ ਖੁਦ ਮੁਸੀਬਤ ਵਿੱਚ ਹੋਵੇ ਤਾਂ ਵੀ ਉਨ੍ਹਾਂ ਲੋਕਾਂ ਦੀ ਮਦਦ ਕਰੇ ਜਿਨ੍ਹਾਂ ਨੇ ਉਸ ਨੂੰ ਤੰਗ ਕੀਤਾ ਹੋਵੇ। ਇਸ ਤਰ੍ਹਾਂ ਦੇ ਹੀ ਉਹ ਲੋਕ ਹੁੰਦੇ ਹਨ ਜਿਨ੍ਹਾਂ ਦੀ ਸੰਸਾਰ ਵਿੱਚ ਪ੍ਰਸ਼ੰਸਾ ਹੁੰਦੀ ਹੈ। ਦੇਸ਼ ਪਿਤਾ ਮਹਾਤਮਾ ਗਾਂਧੀ ਜਿਹੜੇ ਅਹਿੰਸਾ ਦੇ ਪੁਜਾਰੀ ਸਨ, ਉਨ੍ਹਾਂ ਦਾ ਕਹਿਣਾ ਸੀ ਕਿ ਜੇ ਕੋਈ ਤੁਹਾਡੀ ਗਲ ਤੇ ਇਕ ਥੱਪੜ ਮਾਰਦਾ ਹੈ ਤਾਂ ਉਸ ਅੱਗੇ ਦੂਜੀ ਗੱਲ੍ਹ ਵੀ ਕਰ ਦਿਓ। ਇਹ ਅਸਲ ਵਿੱਚ ਇਕ ਮਨੁੱਖ ਲਈ ਬਹੁਤ ਔਖਾ ਹੈ ਕਿ ਉਹ ਇਸ ਪੱਧਰ ਤੇ ਪੁੱਜੇ। ਇਸ ਨੂੰ ਪ੍ਰਾਪਤ ਕਰਨ ਲਈ ਅੱਧਿਆਤਮਿਕ ਰਸਤਾ ਅਪਨਾਉਣਾ ਪਵੇਗਾ॥31॥

को धन्यः संन्यासी को मान्यः पण्डितः साधुः ।
कः सेव्यो यो दाता को दाता योऽर्थितृप्तिमातनुते ॥३२॥

ਕੋ ਧਨਿਯ? ਸਨਿਆਸੀ, ਕੋ ਮਾਨਿਆ ? ਪੰਡਿਤਹ ਸਾਧੂਹ
ਕਾ ਸੇਵਿਉ? ਯੋ ਦਾਤਾ , ਕੋ ਦਾਤਾ? ਯੋ-ਅਰਥੀ-ਤ੍ਰਿਪਤੀ - ਮਾਤਨੁਤੇ॥32॥

ਪ੍ਰਸ਼ਨ: ਭਗਵਾਨ ਦਾ ਆਸ਼ੀਰਵਾਦ ਕਿਸ ਨੂੰ ਪ੍ਰਾਪਤ ਹੁੰਦਾ ਹੈ?

ਉੱਤਰ: ਸਨਿਆਸੀ।

ਪ੍ਰਸ਼ਨ: ਕਿਸ ਦਾ ਸਨਮਾਨ ਹੋਣਾ ਚਾਹੀਦਾ ਹੈ?

ਉੱਤਰ: ਇਕ ਚੰਗੇ ਅਤੇ ਗੁਣੀ ਮਨੁੱਖ ਦਾ।

ਪ੍ਰਸ਼ਨ: ਕਿਸ ਦੀ ਸੇਵਾ ਕਰਨੀ ਚਾਹੀਦੀ ਹੈ?

ਉੱਤਰ: ਜਿਹੜਾ ਮਨੁੱਖ ਦਾਨ ਦਿੰਦਾ ਹੈ।

ਪ੍ਰਸ਼ਨ: ਅਸਲੀ ਦਾਨੀ ਕੌਣ ਹੈ?

ਉੱਤਰ: ਜਿਹੜਾ ਭਿੱਖਿਆ ਲੈਣ ਵਾਲੇ ਦੀ ਤਸੱਲੀ ਕਰ ਦੇਵੇ।

ਜੀਵਨ ਦੇ ਚਾਰ ਸਟੇਜਾਂ ਨੂੰ ਚਾਰ ਆਸ਼ਰਮ ਕਿਹਾ ਗਿਆ ਹੈ ਜਿਵੇਂ ਬ੍ਰਮਹਚਾਰੀ ਵਿਦਿਆਰਥੀ, ਗ੍ਰਿਹਸਤ, ਵਾਨਪ੍ਰਸਤ ਅਤੇ ਸਨਿਆਸ। ਇਨ੍ਹਾਂ ਵਿੱਚੋਂ ਸਨਿਆਸੀ ਨੂੰ ਉੱਚਾ ਦਰਜਾ ਦਿੱਤਾ ਗਿਆ ਹੈ। ਸਨਿਆਸੀ ਉਹ ਹੈ ਜਿਸ ਨੇ ਪਰਿਵਾਰ ਨਾਲ ਸੰਬੰਧ ਤੋੜ ਲਏ ਹੁੰਦੇ ਹਨ ਅਤੇ ਅੱਧਿਆਤਮਿਕ ਰਸਤੇ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਕਰਦਾ ਹੈ। ਉਸ ਨੂੰ ਭਗਵਾਨ ਦਾ ਪਿਆਰ ਕਹਿੰਦੇ ਹਨ। ਜਿਹੜਾ ਮਨੁੱਖ ਚੰਗਾ ਅਤੇ ਗਿਆਨੀ ਹੁੰਦਾ ਹੈ, ਲੋਕ ਉਸੇ ਦਾ ਹੀ ਮਾਨ ਸਨਮਾਨ ਕਰਦੇ ਹਨ। ਸਚਾਈ ਅਤੇ ਗਿਆਨ ਦੋਵੇਂ ਹੀ ਹਮੇਸ਼ਾ ਸੁਰਜੀਤ ਰਹਿੰਦੇ ਹਨ। ਦੂਜੀ ਸ਼ਲਾਘਾ ਯੋਗ ਗੁਣੀ ਉਹ ਹੈ ਜਿਹੜਾ ਦਾਨ ਦਿੰਦਾ ਰਹਿੰਦਾ ਹੈ। ਸੱਚਾ ਦਾਨੀ ਉਹ ਹੈ ਜਿਹੜਾ ਇਹ ਯਕੀਨੀ ਬਣਾਏ ਕਿ ਦਿੱਤੇ ਹੋਏ ਦਾਨ ਨਾਲ, ਪਾਤਰ ਖੁਸ਼ ਹੈ। ਇਸ ਤਰ੍ਹਾਂ ਦਾ ਦਾਨ ਹੀ ਸੱਚਾ ਦਾਨ ਹੈ॥32॥

किं दुष्करं नराणां यन्मनसो निग्रहः सततम् ।
कः शूरो यो भीतत्राता त्राता च कः स गुरुः ॥३३॥

ਕਿੰਮ ਦੁਸ਼ਕ੍ਰਮ ? ਨਾਰਾਇਣਯਮ ਯਨਮਨਸੋਨਿਗਰਹਿ ਸੱਸਤਤਮ
ਕਹ ਸ਼ੂਰੋ ? ਯੋ ਭੀਤ–ਤ੍ਰਾਤਾ ਤ੍ਰਾਤਾ –ਚ ਕਹ? ਸ ਗੁਰੂ॥33॥

ਪ੍ਰਸ਼ਨ: ਮਾਨਵ ਲਈ ਸਾਰਿਆਂ ਤੋਂ ਔਖਾ ਕੰਮ ਕਿਹੜਾ ਹੈ?
ਉੱਤਰ: ਮਨ ਨੂੰ ਕਾਬੂ ਵਿੱਚ ਰੱਖਣਾ
ਪ੍ਰਸ਼ਨ: ਬਹਾਦਰ ਕਿਸ ਨੂੰ ਕਹਿੰਦੇ ਹਨ?
ਉੱਤਰ: ਜਿਹੜਾ ਡਰੇ ਹੋਏ ਮਨੁੱਖ ਦੀ ਰੱਖਿਆ ਕਰਦਾ ਹੈ।
ਪ੍ਰਸ਼ਨ: ਰੱਖਿਅਕ ਕੋਣ ਹੈ?
ਉੱਤਰ: ਆਦਰਸ਼ ਸਦਗੁਰੂ।

ਮਨ ਦੀ ਵਿਆਖਿਆ ਬਾਰੇ ਆਚਾਰਿਆ ਕਹਿੰਦੇ ਹਨ ਕਿ ਮਨ ਨੂੰ ਕਾਬੂ ਵਿੱਚ ਰੱਖਣਾ ਬਹੁਤ ਔਖਾ ਹੈ।ਮਨ, ਇਕ ਬੰਦਰ ਦੀ ਤਰ੍ਹਾਂ ਹੈ ਜਿਹੜਾ ਪਾਗਲ ਹੈ ਅਤੇ ਜਿਸ ਨੇ ਸ਼ਰਾਬ ਪੀਤੀ ਹੋਈ ਹੈ ਅਤੇ ਉਸ ਨੂੰ ਬਿੱਛੂ ਨੇ ਕੱਟਿਆ ਹੋਇਆ ਹੈ।ਇਸ ਵਿਆਖਿਆ ਤੋਂ ਪਤਾ ਲਗਦਾ ਹੈ ਕਿ ਬੰਦਰ ਦੇ ਮਨ ਨੂੰ ਕਾਬੂ ਕਰਨਾ ਸੱਚ–ਮੁੱਚ ਔਖਾ ਹੈ।ਉੱਚ ਬ੍ਰਹਮ ਉੱਤੇ ਆਤਮ ਗਿਆਨ ਦੀ ਪ੍ਰਾਪਤੀ ਲਈ, ਮਨ ਦੀ ਇਕਸਾਰਤਾ ਔਖੀ ਹੈ।ਪ੍ਰਾਣਾਯਾਮ ਦੇ ਅਭਿਆਸ ਨਾਲ ਆਪਣੇ ਸਾਹ ਨੂੰ ਕੰਟਰੋਲ ਕਰਨ ਨਾਲ ਅਤੇ ਕੁੰਡਲਨੀ (ਜੀਵਨ ਊਰਜਾ ਦਾ ਕੇਂਦਰ) ਜਾਗ੍ਰਿਤ ਕਰਨ ਨਾਲ, ਈਸ਼ਵਰ ਦੀ ਪ੍ਰਾਪਤੀ ਹੋ ਜਾਂਦੀ ਹੈ।

ਬਹਾਦਰੀ ਦੀ ਧਾਰਨਾ ਨੂੰ ਸਾਰਾ ਸੰਸਾਰ ਜਾਣਦਾ ਹੈ। ਇਹ ਦਿਲ ਅਤੇ ਦਿਮਾਗ ਦਾ ਗੁਣ ਹੈ। ਇਹ ਸਰੀਰਕ ਅਤੇ ਮਾਨਸਿਕ ਵੀ ਹੈ। ਸਰੀਰਕ ਪੱਧਰ ਤੇ ਬਹਾਦਰ ਉਹ ਹੈ ਜਿਹੜਾ ਦੂਜਿਆਂ ਦੀ ਰੱਖਿਆ ਕਰਨ ਵੇਲੇ ਆਪਣੀ ਪਰਵਾਹ ਨਹੀਂ ਕਰਦਾ। ਪਰ ਫਲਸਫਾ ਦੇ ਰੂਪ ਵਿੱਚ ਬਹਾਦਰ ਮਨੁੱਖ ਉਹ ਹੈ ਜਿਹਦਾ ਸੰਬੰਧ ਡਰ ਨਾਲ ਹੈ ਅਤੇ ਉਨ੍ਹਾਂ ਲੋਕਾਂ ਦੀ ਰੱਖਿਆ ਕਰਦਾ ਹੈ ਜਿਹੜੇ ਡਰ ਦੇ ਘੇਰੇ ਵਿੱਚ ਹੋਣ। ਆਚਾਰਿਆ ਨੇ ਪਹਿਲਾਂ ਹੀ ਸਪੱਸ਼ਟ ਕੀਤਾ ਹੈ ਕਿ ਮੌਤ ਹੀ ਡਰ ਪੈਦਾ ਕਰਦੀ ਹੈ ਅਤੇ ਜਿਹੜਾ ਮਨੁੱਖ ਦੂਜਿਆਂ ਦੇ ਦਿਲਾਂ ਵਿੱਚੋਂ ਮੌਤ ਦਾ ਡਰ ਕੱਢ ਦਿੰਦਾ ਹੈ, ਉਹੀ ਬਹਾਦਰ ਹੈ। ਇਹ ਤਾਂ ਹੀ ਸੰਭਵ ਹੈ ਜੇ ਮਨੁੱਖ ਦਾ ਭਗਵਾਨ ਉੱਤੇ ਪੂਰਾ ਵਿਸ਼ਵਾਸ ਹੋਵੇ ਅਤੇ ਇਹ ਪੱਕੀ ਧਾਰਨਾ ਹੋਵੇ ਕਿ ਜੋ ਕੁੱਝ ਹੁੰਦਾ ਹੈ ਮਨੁੱਖ ਦੀ ਭਲਾਈ ਲਈ ਹੀ ਹੁੰਦਾ ਹੈ। ਮੁਸੀਬਤਾਂ, ਚਦਲੇ-ਫਿਰਦੇ ਬਦੱਲਾਂ ਦੀ ਤਰ੍ਹਾਂ ਹਨ ਅਤੇ ਉਨ੍ਹਾਂ ਉੱਤੇ ਨਿਰਭਰ ਨਾ ਰਹੋ ਅਤੇ ਉਨ੍ਹਾਂ ਵਿੱਚ ਨਾ ਫਸੋ। ਇਸ ਤਰ੍ਹਾਂ ਦੇ ਮੌਕੇ ਤੇ ਸਦ ਗੁਰੂ ਰੱਖਿਅਕ ਹਨ ॥33॥

कस्य न शोको यः स्याद् अक्रोधः किं सुखं तुष्टिः ।
को राजा रञ्जनकृत् कश्च श्वा नीचसेवको यः स्यात् ॥३४॥

ਕਸਿਆ ਨ ਸ਼ੋਕੋ? ਯਹ ਸਯਾਦ ਕ੍ਰੋਧ . ਕਿੰਮ ਸੁਖਮ ਟੁਸ਼ਟੀ
ਕੋ ਰਾਜਾ? ਰੰਜਨਕ੍ਰਿਤ ਕਸ਼ਚ ਸ਼ਵਾ? ਨੀਚ-ਸੇਵਕੋ ਯਹਸਯਾਤ॥34॥

ਪ੍ਰਸ਼ਨ: ਕਿਸ ਮਨੁੱਖ ਨੂੰ ਸ਼ੋਕ ਨਹੀਂ ਹੁੰਦਾ?

ਉੱਤਰ: ਜਿਹਦੇ ਅੰਦਰ ਗੁੱਸਾ ਨਹੀਂ ਹੁੰਦਾ।

ਪ੍ਰਸ਼ਨ: ਸੁੱਖ ਕਿਸ ਨੂੰ ਕਹਿੰਦੇ ਹਨ?

ਉੱਤਰ: ਤਸੱਲੀ ਦਾ ਹੋਣਾ।

ਪ੍ਰਸ਼ਨ: ਰਾਜਾ ਕੌਣ ਹੁੰਦਾ ਹੈ?

ਉੱਤਰ: ਰਾਜਾ ਉਹ ਹੁੰਦਾ ਹੈ ਜਿਹੜਾ ਆਪਣੀ ਪ੍ਰਜਾ ਨੂੰ ਖੁਸ਼ ਰੱਖਦਾ ਹੈ।

ਪ੍ਰਸ਼ਨ: ਕੁੱਤੇ ਵਰਗਾ ਕੋਣ ਹੁੰਦਾ ਹੈ?

ਉੱਤਰ: ਜਿਹੜਾ ਮਨੁੱਖ ਬੁਰੇ ਲੋਕਾਂ ਦੀ ਸੇਵਾ ਕਰਦਾ ਹੈ।

ਇਸ ਸ਼ਲੋਕ ਵਿੱਚ ਗਮਗੀਨ ਹੋਣ ਦੇ ਕਾਰਣ ਬਾਰੇ ਦਸਿਆ ਗਿਆ ਹੈ।ਜਦ ਹਨੁਮਾਨ ਨੂੰ ਮਾਂ ਸੀਤਾ ਦੇ ਠਿਕਾਣੇ ਦਾ ਪਤਾ ਨਾ ਲੱਗਾ ਤਾਂ ਉਸ ਨੇ ਗੁੱਸੇ ਵਿੱਚ ਲੰਕਾ ਸ਼ਹਿਰ ਨੂੰ ਅੱਗ ਲਾ ਦਿੱਤੀ ਸੀ।ਫਿਰ ਉਸ ਨੂੰ ਇਹ ਚਿੰਤਾ ਹੋ ਗਈ ਕਿ ਉਹਦੇ ਇਸ ਕਰਮ ਤੋਂ ਮਾਂ ਸੀਤਾ ਗੁੱਸਾ ਤਾਂ ਨਹੀਂ ਹੋਵੇਗੀ।ਵਾਲਮੀਕੀ ਰਾਮਾਇਣ ਦੇ ਸੁੰਦਰ ਕਾਂਡ ਵਿੱਚ ਹਨੁਮਾਨ ਦੇ ਇਸ ਕਰਮ ਉੱਤੇ ਪਛਤਾਉਣ ਅਤੇ ਵਿਰਲਾਪ ਕਰਨ ਨੂੰ ਬਹੁਤ ਸੁੰਦਰ ਢੰਗ ਨਾਲ ਪੇਸ਼ ਕੀਤਾ ਹੋਇਆ ਹੈ।ਇਸ ਲਈ ਜਿਸ ਵਿੱਚ ਗੁੱਸਾ ਨਹੀਂ ਹੁੰਦਾ ਉਹ ਗਮਗੀਨ ਨਹੀਂ ਹੁੰਦਾ।ਪਰ ਮਨੁੱਖ ਦੀ ਅਸਲੀ ਖੁਸ਼ੀ ਉਹ ਹੈ ਜਦ ਉਸਦੀ ਤਸੱਲੀ ਹੁੰਦੀ ਹੈ।ਇਸ ਨੂੰ ਕਈ ਢੰਗਾਂ ਨਾਲ ਸਮਝਿਆ ਜਾ ਸਕਦਾ ਹੈ।ਇਕ ਭੁੱਖੇ ਨੂੰ ਜਦ ਚੰਗਾ ਖਾਣਾ ਦਿੱਤਾ ਜਾਂਦਾ ਹੈ ਅਤੇ ਉਸ ਦੀ ਭੁੱਖ ਮਿਟ ਜਾਂਦੀ ਹੈ ਤਾਂ ਇਸ ਹਾਲਾਤ ਨੂੰ ਖੁਸ਼ੀ ਕਿਹਾ ਜਾਂਦਾ ਹੈ।ਇਕ ਸਾਧਕ, ਸਾਧਨਾ ਤੋਂ ਬਾਅਦ ਜਦ

ਆਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦੀ ਤਸੱਲੀ ਹੋ ਜਾਂਦੀ ਹੈ ਤਾਂ ਇਹ ਉਸ ਦੀ ਖੁਸ਼ੀ ਦਾ ਕਾਰਣ ਹੈ। ਜਿਹੜਾ ਮਨੁੱਖ ਵਿਚਲਿਤ ਹੈ ਉਸ ਦੀ ਕਿਵੇਂ ਤਸੱਲੀ ਹੋ ਸਕਦੀ ਹੈ।

ਅਗਲਾ ਪ੍ਰਸ਼ਨ ਕਿ ਰਾਜਾ ਕੋਣ ਹੈ? ਇਕ ਰਾਜੇ ਵਿੱਚ ਦਿਲ ਅਤੇ ਦਿਮਾਗੀ ਗੁਣ, ਬਹਾਦੁਰੀ, ਸ਼ਕਤੀ, ਦਇਆਲੁਤਾ ਅਤੇ ਇਨਸਾਫ ਕਰਨ ਦੇ ਗੁਣ ਹੋਣੇ ਚਾਹੀਦੇ ਹਨ। ਰਾਜੇ ਦਾ ਲਕਸ਼, ਪ੍ਰਜਾ ਨੂੰ ਖੁਸ਼ ਰੱਖਣ ਦਾ ਹੋਣਾ ਚਾਹੀਦਾ ਹੈ। ਪ੍ਰਸ਼ਾਂਤੀ ਨਿਲਿਅਮ ਵਿੱਚ ਰੋਜ ਦੀ ਪ੍ਰਾਰਥਨਾ ਦੇ ਅੰਤ ਵਿੱਚ ਇਹ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਸਾਰੇ ਲੋਕ ਸੁਖੀ ਰਹਿਣ। ਉਪਨਿਸ਼ਦ ਵਿੱਚ ਇਕ ਹੋਰ ਪ੍ਰਾਰਥਨਾ ਹੈ ਕਿ ਹੇ ਭਗਵਾਨ ਸਾਰੇ ਜੀਵ ਖੁਸ਼ ਰਹਿਣ, ਉਨ੍ਹਾਂ ਨੂੰ ਸੁੱਖ ਅਤੇ ਚੰਗਾ ਜੀਵਨ ਮਿਲੇ। ਜਦ ਕੋਈ ਰਾਜਾ, ਆਪਣੇ ਇਸ ਮਿਸ਼ਨ ਵੱਲ ਸਫਲ ਹੋ ਜਾਂਦਾ ਹੈ ਤਾਂ ਉਹ, ਅਸਲ ਵਿੱਚ ਰਾਜਾ ਕਹਾਉਣ ਦੇ ਯੋਗ ਹੋ ਜਾਂਦਾ ਹੈ।

ਜੀਵਨ ਦਾ ਇਕ ਹੋਰ ਪਹਿਲੂ ਹੈ ਜਿਹਦੇ ਵਿੱਚ ਕੁੱਤੇ ਦੇ ਜੀਵਨ ਦਾ ਹਵਾਲਾ ਹੈ। ਉਹ ਮਨੁੱਖ, ਜਿਹੜਾ ਸਮਾਜ ਵਿੱਚ ਬੁਰੇ ਲੋਕਾਂ ਦੀ ਸੇਵਾ ਕਰਦਾ ਹੈ, ਉਸ ਦੀ ਤੁਲਨਾ ਕੁੱਤੇ ਨਾਲ ਕੀਤੀ ਗਈ ਹੈ॥34॥

प्रत्यक्षदेवता का माता   पूज्यो गुरुश्च कस्तातः ।
कोऽपरिहार्यो मृत्युः   कुत्र पदं न्यसेच्च दृक्पूते ॥३५॥

ਪ੍ਰਤਕਸ਼ ਦੇਵਤਾ ਕਾ? ਮਾਤਾ ਪੂਜਿਉ ਗੁਰੂਸ਼ਚ ਕਹ? ਤਾਤਹ ਕੋ -ਪਰਿਹਾਰਿਉ? ਮਰਿਤਯੂ? ਕੁਤਰ ਪਦਮ ਵਿਨੇ-ਸੇਚ? ਦਰੁਕਪੂਤੇ॥35॥

ਪ੍ਰਸ਼ਨ: ਪ੍ਰਤੱਖ ਭਗਵਾਨ ਕੌਣ ਹੈ?
ਉੱਤਰ: ਮਾਂ
ਪ੍ਰਸ਼ਨ: ਪੂਜਣ ਯੋਗ ਗੁਰੂ ਕੋਣ ਹੈ?
ਉੱਤਰ: ਪਿਤਾ
ਪ੍ਰਸ਼ਨ: ਉਹ ਕਿਹੜੀ ਚੀਜ ਹੈ ਜਿਸਨੂੰ ਰੋਕਿਆ ਨਹੀਂ ਜਾ ਸਕਦਾ?
ਉੱਤਰ: ਮੌਤ
ਪ੍ਰਸ਼ਨ: ਮਨੁੱਖ ਨੂੰ ਪਹਿਲਾ ਕਦਮ ਕਿੱਥੇ ਪੁੱਟਣਾ ਚਾਹੀਦਾ ਹੈ?
ਉੱਤਰ: ਜਿੱਥੇ ਤੁਹਾਨੂੰ ਸਾਫ ਸਥਾਨ ਵਿਖਾਈ ਦੇਵੇ।

ਵੇਦਾਂ ਦਾ ਕਹਿਣਾ ਹੈ ਕਿ ਮਾਂ ਦਾ ਦਰਜਾ ਭਗਵਾਨ ਦੇ ਬਰਾਬਰ ਹੈ।ਇਸ ਲਈ ਮਾਂ ਨੂੰ ਭਗਵਾਨ ਦੀ ਤਰ੍ਹਾਂ ਪੂਜੋ।ਜਿਹੜੇ ਭਗਵਾਨ ਨੂੰ ਧਰਤੀ ਤੇ ਵੇਖਿਆ ਜਾ ਕਸਦਾ ਹੈ, ਉਹ ਮਾਂ ਹੈ।ਮਾਨਯੋਗ ਗੁਰੂ ਜਿਨ੍ਹਾਂ ਨੂੰ ਪੁਜਣਾ ਚਾਹੀਦਾ ਹੈ ਉਹ ਪਿਤਾ ਹਨ।ਪਿਤਾ ਹੀ ਹਨ ਜਿਹੜੇ ਭਗਵਾਨ ਸਰੂਪ ਹਨ।

ਭਾਗਵਤ ਗੀਤਾ ਵਿੱਚ ਕਿਹਾ ਗਿਆ ਹੈ ਕਿ ਜਿਸ ਦਾ ਜਨਮ ਹੋਇਆ ਹੈ ਉਸ ਦੀ ਮੌਤ ਯਕੀਨੀ ਹੈ।ਅਗਲਾ ਪ੍ਰਸ਼ਨ ਹੈ ਕਿ ਸਾਨੂੰ ਆਪਣਾ ਕਦਮ ਕਿੱਥੇ ਰੱਖਣਾ ਚਾਹੀਦਾ ਹੈ?ਜਿੱਥੇ ਤੁਸੀਂ ਕਦਮ ਰੱਖਣਾ ਚਾਹੁੰਦੇ ਹੋ, ਉਸ ਨੂੰ ਪਹਿਲਾਂ ਚੰਗੀ ਤਰ੍ਹਾਂ ਪਰਖੋ।

कश्च कुलक्षयहेतुः   सन्तापः सज्जनेषु योऽकारि ।
केषाममोघवचनं   ये च पुनः सत्यमौनशमशीलाः ॥३६॥

ਕਸ਼ਚ ਕੁਲ-ਕਸ਼ਯ-ਹੇਤੂਹ? ਸੰਤਾਪਹਸੱਜਨੇਸ਼ੂ ਯੋ-ਅਕਾਰੀ
ਕੇਸ਼ਾਮ-ਮੋਘ-ਬਚਨਮ? ਯੇ ਚ ਸਤਿਆ-ਮੌਨ-ਸ਼ਮਸ਼ੀਲਾ॥36॥

ਪ੍ਰਸ਼ਨ: ਕਿਸੇ ਪਰਿਵਾਰ ਦੀ ਅਵਨਤੀ (ਪਤਨ) ਦੇ ਕੀ ਕਾਰਣ ਹਨ?
ਉੱਤਰ: ਚੰਗੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦਾ ਅਸਰ
ਪ੍ਰਸ਼ਨ: ਕਿਸ ਮਨੁੱਖ ਦਾ ਭਾਸ਼ਣ ਬੇਕਾਰ ਨਹੀਂ ਹੁੰਦਾ?
ਉੱਤਰ: ਜਿਹੜਾ ਭਾਸ਼ਣ ਸੱਚਾਈ, ਸ਼ਾਂਤ ਅਤੇ ਸ਼ਾਂਤੀ ਨਾਲ ਭਰਿਆ ਹੁੰਦਾ ਹੈ।

ਸਹੀ ਨਸੀਹਤ ਇਹ ਹੈ ਕਿ ਜੇ ਕੋਈ ਪਰਿਵਾਰ ਕਿਸੇ ਚੰਗੇ ਪੁਰਖਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਉਸ ਪਰਿਵਾਰ ਦਾ ਪਤਨ ਖੁਦ ਬਖੁਦ ਹੋ ਜਾਂਦਾ ਹੈ।ਜੇ ਤੁਸੀਂ ਚੰਗੇ ਪੁਰਖਾਂ ਨੂੰ ਖੁਸ਼ੀ ਪ੍ਰਦਾਨ ਕਰਦੇ ਹੋ ਤਾਂ ਤੁਹਾਨੂੰ ਵਰਦਾਨ ਮੰਗਣ ਦੀ ਜਰੂਰਤ ਨਹੀਂ ਪਵੇਗੀ, ਉਹ ਤੁਹਾਨੂੰ ਆਸ਼ੀਰਵਾਦ ਦੇਣਗੇ।ਪਰ ਜੇ ਤੁਸੀਂ ਚੰਗੇ ਪੁਰਖਾਂ ਨੂੰ ਦੁਖੀ ਕਰੋਗੇ ਤਾਂ ਚੰਗੇ ਪੁਰਖਾਂ ਨੂੰ ਤੁਹਾਨੂੰ ਸ਼ਰਾਪ ਦੇਣ ਦੀ ਜਰੂਰਤ ਨਹੀਂ, ਸ਼ਰਾਪ ਆਪਣੇ-ਆਪ ਉਨ੍ਹਾਂ ਨੂੰ ਮਿਲੇਗਾ।ਚੰਗੇ ਭਾਸ਼ਨ ਦੀ ਮਹੱਤਤਾ ਹੈ ਕਿ ਇਹ ਸਚ, ਸ਼ਾਂਤ ਅਤੇ ਸ਼ਾਂਤੀ ਨਾਲ ਭਰਿਆ ਹੋਣਾ ਚਾਹੀਦਾ ਹੈ।ਇਸ ਤਰ੍ਹਾਂ ਦਾ ਭਾਸ਼ਣ ਬੇਕਾਰ ਨਹੀਂ ਹੁੰਦਾ ਅਤੇ ਲੋਕ ਇਸ ਤਰ੍ਹਾਂ ਦੇ ਭਾਸ਼ਣ ਦਾ ਸਵਾਗਤ ਕਰਦੇ ਹਨ॥36॥

इत्येषा कण्ठस्था प्रश्नोत्तरमालिका येषाम् ।
ते मुक्ताभरणा इव विमलाश्चाभान्ति सत्समाजेषु ॥ ३७॥

ਇੱਤੇਸ਼ਾ ਕੰਠੱਸਥਾ ਪ੍ਰਸ਼ਨ ਉੱਤਰ-ਰਤਨ -ਮਾਲਿਕਾ ਯੇਸ਼ਾਮ
ਤੇ ਮੁਕਤਾ -ਭਰਣਾ ਇਵ ਵਿਮਲਾ-ਸ਼ਚਾ-ਭਾਂਤੀ ਸਤ-ਸਮਾ ਜੇਸ਼ੂ ॥ 37 ॥

ਜੇ ਕੋਈ ਮਨੁੱਖ ਇਸ ਪ੍ਰਸ਼ਨ-ਉੱਤਰ ਰਤਨ ਮਾਲਿਕਾ ਨੂੰ ਯਾਦ ਕਰ ਲੈਂਦਾ ਹੈ ਅਤੇ ਸਿਖ ਲੈਂਦਾ ਹੈ ਤਾਂ ਇਹ ਮਨੁੱਖ ਨੂੰ ਇਸ ਤਰ੍ਹਾਂ ਸਜਾਵੇਗਾ ਜਿਵੇਂ ਇਕ ਸ਼ੁੱਧ ਮੋਤੀਆਂ ਦੀ ਮਾਲਾ, ਗਲੇ ਨੂੰ ਸਜਾਉਂਦੀ ਹੈ ਅਤੇ ਜਦ ਇਸ ਦੇ ਅਮਲ ਕੀਤਾ ਜਾਵੇਗਾ ਤਾਂ ਇਸ ਮਨੁੱਖ ਨੂੰ ਸਾਰੇ ਸਮਾਜ ਵਿੱਚ ਸਤਕਾਰ ਮਾਨ ਮਿਲਦਾ ਹੈ।

ਅੰਤਿਮ ਸ਼ਲੋਕ ਦਾ ਸੰਬੰਧ ਉਸ ਅਭਿਆਸ ਨਾਲ ਹੈ ਜਿਸ ਨੂੰ ਭਜਨ ਦੀ ਤਰ੍ਹਾਂ ਗਾ ਕੇ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ।ਆਚਾਰਿਆ ਦਸਦੇ ਹਨ ਕਿ ਜਿਹੜਾ ਮਨੁੱਖ ਇਹ ਕੰਮ ਨੂੰ ਯਾਦ ਕਰ ਲੈਂਦਾ ਹੈ ਤਾਂ ਇਹ ਉਸ ਨੂੰ ਉਸੇ ਤਰ੍ਹਾਂ ਸੁਸ਼ੋਭਿਤ ਕਰੇਗਾ ਜਿਵੇਂ ਇਕ ਸ਼ੁੱਧ ਮੋਤੀਆਂ ਦੀ ਮਾਲਾ ਗਲੇ ਨੂੰ ਸੁਸ਼ੋਭਿਤ ਕਰ ਦਿੰਦੀ ਹੈ ਅਤੇ ਜਿਹੜੀ ਨਸੀਹਤ ਇਸ ਵਿੱਚ ਦਿੱਤੀ ਗਈ ਹੈ ਉਸ ਨੂੰ ਅਭਿਆਸ ਵਿੱਚ ਲੈ ਆਉਂਦਾ ਹੈ ਤਾਂ ਉਸ ਦਾ ਸਮਾਜ ਵਿੱਚ ਸਤਕਾਰ ਹੋਵੇਗਾ ॥ 37 ॥

ਲੇਖਕ ਡਾਕਟਰ ਕੇ. ਡੀ . ਸ਼ਰਮਾ ਬਾਰੇ-ਅਨੁਵਾਦਕ, ਅੰਗ੍ਰੇਜੀ ਤੋਂ ਪੰਜਾਬੀ

ਡਾ. ਕੇ. ਡੀ. ਸ਼ਰਮਾ ਨੇ ਐਮ.ਐਸ.ਸੀ ਕੈਮਿਸਟ੍ਰੀ (ਰਸਾਇਣ-ਵਿਗਿਆਨ), ਪਹਿਲੇ ਦਰਜੇ ਵਿਚ ਪਾਸ ਕੀਤੀ ਅਤੇ ਆਰਗੈਨਿਕ-ਐਨਾਲਿਟੀਕਲ (ਵਿਸ਼ਲੇਸ਼ਣ ਸੰਬੰਧੀ) ਕੈਮਿਸਟ੍ਰੀ (ਰਸਾਇਣ ਵਿਗਿਆਨ) ਵਿਚ ਕਾਲਜਾਂ ਵਿਚ ਪੜ੍ਹਾਉਂਦੇ-ਪੜ੍ਹਾਉਂਦੇਹੀਪੀ.ਐਚ.ਡੀ ਦੀ ਡਿਗਰੀ ਹਾਸਲ ਕੀਤੀ।ਉਨ੍ਹਾਂ ਦੇ ਨੌ ਖੋਜ ਪੱਤਰ, ਰਾਸ਼ਟ੍ਰੀ ਅਤੇ ਅੰਤਰ -ਰਾਸ਼ਟ੍ਰੀ ਖੋਜ ਪੱਤ੍ਰਿਕਾ ਵਿਚ ਛਪੇ ਹਨ।ਕਾਲਜਾਂ ਵਿਚ ਉਨ੍ਹਾਂ ਦਾ ਪੜ੍ਹਾਉਨ ਦਾ ਤਜਰਬਾ 32ਸਾਲ ਦਾ ਹੈ ਜਿਹਦੇ ਵਿਚ ਐਮ.ਐਸ.ਸੀ ਦੀ ਕਲਾਸਾਂ ਨੂੰ ਵੀ ਪੜ੍ਹਾਉਣ ਦਾ ਸਮਾਂ ਹੈ।ਉਨ੍ਹਾਂ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਿਦਿਆਰਥੀਆਂ ਲਈ ਵੀ ਸਾਲਾਨਾ ਪ੍ਰੀਖਿਆਵਾਂ ਲਈ ਪੇਪਰ ਸੈਟ ਕੀਤੇ ਹਨ।ਸਿੱਖਿਆ ਦਾ ਮਿਆਰ ਉੱਚਾ ਕਰਨ ਲਈ ਉਨ੍ਹਾਂ, ਪੜ੍ਹਾਈ-ਲਿਖਾਈ ਸੰਬੰਧੀਅਤੇ ਕਾਲਜ ਉੱਨਤੀ ਕੌਸਲ (ਸਭਾ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮੈਂਬਰ ਵੱਜੋਂ ਯੋਗਦਾਨ ਦਿੱਤਾ।।ਉਨ੍ਹਾਂ, ਆਈ. ਏ. ਐਸ ਦੀ ਪ੍ਰੀਖਿਆ ਵਿਚ ਰਸਾਇਣ-ਵਿਗਿਆਨ ਦੇ ਪੇਪਰਾਂ ਦਾ ਵੀ ਨਿਰੀਖਣਕੀਤਾ।ਡਾ. ਸ਼ਰਮਾਨੇ , ਭਾਰਤ ਦੀਆਂ ਵੱਖ-ਵੱਖ ਸਟੇਟਾਂ(ਰਾਜਾਂ) ਦੇ ਕਾਲਜਾਂਵਿਚ ਪੜ੍ਹ ਰਹੇ ਵਿਦਿਆਰਥੀਆਂ ਲਈ ਕੈਮਿਸਟ੍ਰੀ ਦੀਆਂ 30ਕਿਤਾਬਾਂ ਲਿਖੀਆਂ ਹਨ। ਉਨ੍ਹਾਂ,ਪੰਜਾਬ ਦੇ ਵੱਖ-ਵੱਖ ਸਰਕਾਰੀ ਕਾਲਜਾਂ ਵਿਚਪ੍ਰਿੰਸੀਪਲ ਦੇ ਰੂਪ ਵਿਚ ਕੰਮ ਕੀਤਾ ਹੈ।ਉੱਪਰ ਦਿੱਤੇ ਵੱਖ-ਵੱਖ ਕਿੱਤੇ ਸੰਬੰਧੀ ਉਪਲੱਬਧੀਆਂ ਤੋਂ ਇਲਾਵਾ, ਡਾ. ਸ਼ਰਮਾ ਭਗਵਾਨ ਸ਼੍ਰੀ ਸਤਿਆ ਸਾਈ ਬਾਬਾ ਦੇ ਸਰਗਰਮ ਭਗਤ ਹਨ । ਉਹ ਸ਼੍ਰੀ ਸਤਿਆ ਸਾਈ ਸੇਵਾ ਸੰਸਥਾ, ਪੰਜਾਬ ਵਿਚ ਸਟੇਟ

ਕੋਆਰਡੀਨੇਟਰ ਬੁਕਸ ਐਂਡ ਪਬਲੀਕੇਸ਼ਨ ਦੇ ਰੂਪ ਵਿਚਸਮਾਜ ਸੇਵਾ ਕਰ ਰਹੇ ਹਨ ।ਉਹ ਅੰਗ੍ਰੇਜੀ ਵਿਚ ਲਿਖੀ ਸਨਾਤਨ ਸਾਰਥੀ ਦਾ ਗੁਰਮੁਖੀ ਲਿਪੀ ਵਿਚ ਅਨੁਵਾਦ ਕਰਦੇ ਹਨ ਅਤੇ ਪੰਜਾਬ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿਚ ਸਨਾਤਨ ਸਾਰਥੀ (ਪੰਜਾਬੀ) ਨੂੰ ਮੁਫਤ ਭੇਜਦੇ ਹਨ।

The cradle of all civilisations is to be found in this land of Bharat. It is now well established and recognised that Greece and India were highly evolved in ancient times and developed philosophical thought. The Vedas and Upanishads are the foundation for the development of spirituality which is distinct from religion. Man has always been pursuing higher knowledge which is termed in Indian philosophical thought as Para Vidya as the pursuit of eternal truth.

In this pursuit, the importance of maintaining high moral and ethical standards in private and social life is essential. **Adi Shankaracharya** composed many hymns and philosophical works, one of them is **Prashnottara Ratnamaalika** in Sanskrit.

"Vivekadeepinee" is a concise version. It distills the ideas for study and application by persons from all walks of life, irrespective of one's religion. The ideas propounded are universal. This book aims to make such knowledge easily available to one and all, particularly to young students, in simple English language. In the words of Acharya, one who learns and practises these ideals will be conferred respect and honour from the whole society.